# ਕੇਸਗੜ੍ਹ ਦੇ ਕਿੰਗਰੇ

(ਕਾਵਿ-ਸੰਗ੍ਰਹਿ)

ਸ਼ੇਰ ਸਿੰਘ ਕੰਵਲ

ਮਾਲਵਾ ਰਿਸਰਚ ਸੈਂਟਰ, ਪਟਿਆਲਾ (ਰਜਿ.)

**Kesgarh De Kingre** (Poetry)
By : Sher Singh Kanwal
12016N 36th. Street
Phoenix AZ85028, U.S.A.
Phone : 602-482-2276

Title designed by T. Singh

© Author

Price : Rs. 120/-

Edition : 2011

**Published through :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

---

**ਕੇਸਗੜ੍ਹ ਦੇ ਕਿੰਗਰੇ** (ਕਵਿਤਾਵਾਂ), ਲੇਖਕ : ਸ਼ੇਰ ਸਿੰਘ ਕੰਵਲ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜ਼ਜ, ਦਿੱਲੀ

## ਮੁੱਖ ਸ਼ਬਦ

ਬਚਪਨ ਤੋਂ ਹੀ ਮੇਰਾ ਵਾਹ ਸਿੱਖ ਧਰਮ ਤੇ ਸਿਆਸਤ ਨਾਲ ਰਿਹਾ ਹੈ। ਧਾਰਮਿਕ ਵਿੱਦਿਆ ਮੈਂ ਆਪਣੇ ਪਿੰਡ 'ਚੋਂ ਹੀ ਤਾਇਆ ਜੀ ਲਗਦੇ ਸੰਤ ਗਿਆਨੀ ਚੰਨਣ ਸਿੰਘ ਜੀ ਨਧੱੜਕ ਤੋਂ ਪ੍ਰਾਪਤ ਕੀਤੀ। ਉਹ ਸੱਤੋ ਕੀ ਗਲੀ ਅੰਮ੍ਰਿਤਸਰ ਦੇ ਪੜ੍ਹੇ ਹੋਏ ਅੱਖਾਂ ਤੋਂ ਮੁਨਾਖੇ ਧੁਰੰਤਰ ਵਿਦਵਾਨ ਸਨ। ਪਿੰਡ ਅਖਾੜੇ ਅਥਵਾ ਭਿੰਡਰਾਂ ਵਾਲੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਓਦੋਂ ਪੂਰੀ ਚੜ੍ਹਾਈ ਵਿੱਚ ਸਨ। ਭਿੰਡਰੀਂ ਮੇਰੇ ਨਾਨਕੇ ਸਨ ਤੇ ਵੱਡੇ ਸੰਤਾਂ ਭਾਵ ਸੰਤ ਸੁੰਦਰ ਸਿੰਘ ਹੋਰਾਂ ਦੀ ਬਰਸੀ ਓਦੋਂ ਉੱਥੇ ਪੂਰੀ ਭਰਦੀ ਸੀ। ਮੈਂ ਗਿਆਨੀ ਚੰਨਣ ਸਿੰਘ ਜੀ ਨੂੰ ਲੈ ਕੇ ਬੜੇ ਚਾਓ ਨਾਲ ਬਰਸੀ 'ਤੇ ਜਾਂਦਾ ਸਾਂ। ਗੁਰਦੁਆਰਾ ਸਾਹਿਬ 'ਚ ਪ੍ਰਵੇਸ਼ ਕਰਦਿਆ ਰੁੱਖਾਂ ਦੇ ਝੁੰਡ ਵਿੱਚ, ਛਾਵੇਂ ਵੱਡੇ ਮੰਜੇ ਉੱਤੇ ਚੌਂਕੜਾ ਮਾਰੀ ਬੈਠੇ ਸੰਤ ਗਿ: ਗੁਰਬਚਨ ਸਿੰਘ ਜੀ ਖਾਲਸਾ ਸਿਮਰਨ ਕਰਦੇ ਹੁੰਦੇ। ਥੋੜ੍ਹੀ ਦੇਰ ਬੈਠ, ਉਹਨਾਂ ਨੂੰ ਫ਼ਤਿਹ ਬੁਲਾ ਕੇ ਗਿਆਨੀ ਜੀ ਨਾਲ ਦਰਬਾਰ ਸਾਹਿਬ ਵੱਲ ਮੱਥਾ ਟੇਕਣ ਜਾਣਾ ਤਾਂ ਰਾਹ ਵਿੱਚ ਅਜੀਬ ਆਲਮ ਹੁੰਦਾ। ਕਿਧਰੇ ਸਿੰਘ ਸੰਥਾ ਲੈਂਦੇ ਹੁੰਦੇ, ਕਿਧਰੇ ਬਾਣੀ ਕੰਠ ਕਰੇ ਰਹੇ ਹੁੰਦੇ, ਕਿਧਰੇ ਕੋਈ ਰੇਹਲ ਉੱਤੇ ਸਟੀਕ ਰੱਖ ਕੇ ਅਰਥਾਂ ਸਹਿਤ ਪਾਠ-ਅਧਿਅਨ ਕਰ ਰਿਹਾ ਹੁੰਦਾ। ਇਕ ਪਾਸੇ ਲੰਗਰ 'ਚ ਸੇਵਾ ਚੱਲ ਰਹੀ ਹੁੰਦੀ। ਟਕਸਾਲ ਓਦੋਂ ਮੂੰਹ-ਬੋਲਦੀ ਸਿੱਖ ਧਰਮ ਦੀ ਯੂਨੀਵਰਸਿਟੀ ਹੁੰਦੀ ਸੀ। ਮਗਰੋਂ ਵਾਲੀ ਵੰਡ ਜਾਂ ਗੰਧਲ-ਚੌਂਦੇਂ ਤੋਂ ਬਿਲਕੁੱਲ ਉਤਾਂਹ। ਵੱਡੇ ਵੱਡੇ ਸ਼ਾਮਿਆਨਿਆਂ ਹੇਠ ਬਰਸੀ ਦੇ ਦੀਵਾਨ ਸਜਦੇ। ਸਟੇਜ ਉੱਤੇ ਚੋਟੀ ਦੇ ਮਹਾਂ-ਪੁਰਸ਼ ਬਿਰਾਜੇ ਹੁੰਦੇ। ਸੰਤ ਖਾਲਸਾ ਜੀ ਤੋਂ ਬਿਨਾਂ ਸੰਤ ਇੰਦਰ ਸਿੰਘ ਬਧਨੀ, ਸੰਤ ਅਜਾਇਬ ਸਿੰਘ ਬੋਪਾਰਾਇ, ਜ: ਕਪੂਰ ਸਿੰਘ, ਸੰਤ ਹਰਨਾਮ ਸਿੰਘ, ਸੰਤ ਵਿਸਾਖਾ ਸਿੰਘ ਕਿਸ਼ਨਪੁਰਾ, ਗਿ: ਚੰਨਣ ਸਿੰਘ ਤੇ ਕਈ ਹੋਰ। ਗਿ: ਕਿਰਪਾਲ ਸਿੰਘ ਵੈਰੋਕੇ ਜੋ ਮਗਰੋਂ ਜਾ ਕੇ ਸਾਕਾ ਚੁਰਾਸੀ ਵੇਲੇ ਜਥੇਦਾਰ ਸ੍ਰੀ ਅਕਾਲ ਤਖਤ ਸਨ ਤੇ ਵਿਰੱਕਤ ਗਿ: ਵੀਰ ਸਿੰਘ ਮੱਦੋਕੇ ਜੋ ਮਗਰੋਂ ਬਦਕਿਸਮਤੀ ਨਾਲ ਸਿਆਸਤ ਦਾ ਸ਼ਿਕਾਰ ਹੋ ਕੇ ਸ੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਧਾਨਗੀ ਚੋਣ ਹਾਰੇ। ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਗਿ: ਜੋਗਿੰਦਰ ਸਿੰਘ ਵੇਦਾਂਤੀ ਓਦੋਂ ਭਿੰਡਰਾਂ ਟਕਸਾਲ ਦੇ ਵਿਦਿਆਰਥੀ ਸਨ। ਸੰਤ ਗਿ: ਗੁਰਬਚਨ ਸਿੰਘ ਜੀ ਖਾਲਸਾ ਦਾ ਜੀਵਨ ਦਮਦਮੀ ਟਕਸਾਲ ਅਥਵਾ ਇਸ ਭਿੰਡਰਾਂ ਵਾਲੀ ਚਲਦੀ-ਫਿਰਦੀ ਯੂਨੀਵਰਸਿਟੀ ਨੂੰ ਸਮਰਪਿਤ ਸੀ। ਉਹਨਾਂ ਸਿੱਖ-ਸਿਆਸਤ ਵਿੱਚ ਸੰਤ ਕਰਤਾਰ ਸਿੰਘ ਵਾਂਗ ਸਰਗਰਮ ਹਿੱਸਾ ਤਾਂ ਕਦੇ ਨਾ ਸੀ ਲਿਆ ਪਰ ਸਨ ਉਹ ਪੱਕੇ ਪੰਥ-ਪ੍ਰਸਤ!

ਹਮੇਸ਼ਾ ਨੀਲੀ ਦਸਤਾਰ ਸਜਾਉਂਦੇ, ਹੱਥ 'ਚ ਵੱਡੀ ਸ੍ਰੀ ਸਾਹਿਬ ਰੱਖਦੇ, ਕਥਾ-ਸੰਥਾ ਦੁਆਰਾ ਸਿੱਖਾਂ ਨੂੰ ਸ਼ਬਦ-ਗੁਰੂ ਨਾਲ ਜੋੜਦੇ ਤੇ ਸੈਂਕੜੇ ਸਿੰਘਾਂ ਦੀ

ਚਲਦੀ-ਫਿਰਦੀ ਧਾਰਮਿਕ ਯੂਨੀਵਰਸਿਟੀ ਦਾ ਨਿਰਦੇਸ਼ਣ-ਨਿਰੀਖਣ ਕਰਦੇ। ਉਹਨਾਂ ਨੇ ਕੌਮ ਦੀ ਮਜ਼ਬੂਤੀ ਲਈ ਜੀਵਨ ਭਰ ਨਿੱਗਰ ਅਤੇ ਸਾਰਥਿਕ ਯੋਗਦਾਨ ਪਾ ਕੇ ਪੰਥਕ-ਸੇਵਾ ਦੀ ਇਕ ਅਹਿਮ-ਭੂਮਿਕਾ ਨਿਭਾਈ। ਮੇਰੇ ਬਚਪਨ ਨੇ ਇਸ ਸਾਰੇ ਕੁਝ ਨੂੰ ਆਪਣੀਆਂ ਅੱਖਾਂ ਨਾਲ ਨਿਹਾਰਿਆ।

ਗਿ: ਚੰਨਣ ਸਿੰਘ ਜੀ ਸਿੱਕੇਬੰਦ ਅਕਾਲੀ ਤੇ ਮਾ: ਤਾਰਾ ਸਿੰਘ ਸਮਰਥਕ ਸਨ। ਉਹ ਹਰੇਕ ਅਕਾਲੀ ਮੋਰਚੇ 'ਚ ਵਧ-ਚੜ੍ਹ ਕੇ ਹਿੱਸਾ ਲੈਂਦੇ ਤੇ ਅਕਾਲੀ ਸਿਆਸਤ 'ਚ ਡੂੰਘੀ ਦਿਲਚਸਪੀ ਰੱਖਦੇ ਸਨ। ਮੈਂ ਉਹਨੀਂ ਦਿਨੀਂ ਉਹਨਾਂ ਨੂੰ ਸਮੇਂ ਸਮੇਂ ਨਿਕਲਦੀਆਂ 'ਅਕਾਲੀ' 'ਜਥੇਦਾਰ' ਆਦਿ ਅਖ਼ਬਾਰਾਂ ਪੜ੍ਹ ਕੇ ਸੁਣਾਉਂਦਾ ਸਾਂ ਤੇ ਇਸ ਤਰ੍ਹਾਂ ਅਕਾਲੀ ਅਥਵਾ ਨੀਲੇ ਰੰਗ 'ਚ ਰੰਗਿਆ ਗਿਆ ਸਾਂ। ਫੇਰ ਜਦ ਉਹ ਸ੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਬਣੇ ਤਾਂ ਉਹਨਾਂ ਨਾਲ ਸ਼੍ਰੋਮਣੀ ਕਮੇਟੀ ਦੇ ਇਜਲਾਸਾਂ/ਇਕੱਤ੍ਰਤਾਵਾਂ 'ਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਰਿਹਾ। ਇਸ ਤਰ੍ਹਾਂ ਇਸ ਸਮੇਂ ਸ੍ਰੋ: ਕਮੇਟੀ ਦੇ ਮੈਂਬਰਾਂ-ਵਰਕਰਾਂ ਨਾਲ ਜਾਣ-ਪਛਾਣ ਹੋਣ ਲੱਗੀ। ਇਸੇ ਅਕਾਲੀ ਪ੍ਰਭਾਵ ਦਾ ਹੀ ਨਤੀਜਾ ਸੀ ਕਿ ਜਦੋਂ ਪੰਜਾਬੀ ਸੂਬੇ ਦਾ ਮੋਰਚਾ ਲੱਗਾ ਤਾਂ ਮੈਂ ਪੰਜਵੀਂ ਜਮਾਤ 'ਚੋਂ ਸਕੂਲੋਂ ਭੱਜ ਕੇ ਮੋਰਚੇ 'ਚ ਜਾ ਸ਼ਾਮਲ ਹੋਇਆ ਤੇ ਫਿਰ ਪਹਿਲਾਂ ਲੁਧਿਆਣੇ ਤੇ ਮਗਰੋਂ ਕਪੂਰਥਲੇ ਜੇਲ੍ਹ 'ਚ ਰਿਹਾ। ਜ: ਗੁਰਚਰਨ ਸਿੰਘ ਟੌਹੜਾ ਉਹਨੀਂ ਦਿਨੀਂ ਇਸੇ ਜੇਲ੍ਹ ਵਿੱਚ ਸਨ ਤੇ ਉਸ ਸਮੇਂ ਉਹ ਅਕਾਲੀ ਦਲ ਜਿਲ੍ਹਾ ਪਟਿਆਲਾ ਦੇ ਜਥੇਦਾਰ ਹੁੰਦੇ ਸਨ। ਇਹ ਮਾ: ਤਾਰਾ ਸਿੰਘ ਦਾ ਜ਼ਮਾਨਾ ਸੀ। ਸ਼੍ਰੋ: ਗੁ: ਪ੍ਰ: ਕਮੇਟੀ ਦੀ ਵਰਕਿੰਗ ਕਮੇਟੀ 'ਚ ਉਹਨਾਂ ਨੂੰ ਮਗਰੋਂ ਸੰਤ-ਜੋੜੀ ਨੇ ਲਿਆਂਦਾ। ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਗਿ: ਜੋਗਿੰਦਰ ਸਿੰਘ ਵੇਦਾਂਤੀ ਓਦੋਂ ਚੜ੍ਹਦੀ ਜਵਾਨੀ ਵਿੱਚ ਸਨ ਤੇ ਇਸੇ ਜੇਲ੍ਹ ਵਿੱਚ ਕੈਦ ਸਨ।

ਇਸ ਤੋਂ ਉਪਰੰਤ ਨਿਰੰਤਰ ਅਕਾਲੀ ਸਿਆਸਤ ਦੇ ਨੇੜ-ਤੇੜ ਵਿਚਰਦਿਆਂ ਮੈਨੂੰ ਸਿੱਖ ਅਥਵਾ ਅਕਾਲੀ ਲੀਡਰਸ਼ਿਪ ਨੂੰ ਨੇੜਿਓਂ ਤੱਕਣ-ਜਾਨਣ ਦਾ ਅਵਸਰ ਮਿਲਿਆ। ਫਿਰ ਜ: ਗੁਰਚਰਨ ਸਿੰਘ ਟੌਹੜਾ ਦੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੰਭਾਲਣ ਤੋਂ ਮਗਰੋਂ ਤੇ ਜ: ਜਗਦੇਵ ਸਿੰਘ ਤਲਵੰਡੀ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨਗੀ ਕਾਲ ਵਿੱਚ ਮੈਂ ਅਕਾਲੀ ਲੀਡਰਸ਼ਿਪ ਦੀਆਂ ਲੂੰਬੜ-ਚਾਲਾਂ, ਉੱਜਡਤਾਈਆਂ ਸਿਆਸੀ-ਸੁਆਰਥ ਲਈ ਸਿੱਖਾਂ ਨਾਲ ਬੇਵਫ਼ਾਈਆਂ ਨੂੰ ਜੀਅ ਭਰ ਕੇ ਵੇਖਿਆ। ਪਰ ਸਿੱਖਾਂ ਦੇ ਦਰਵੇਸ਼ ਸਿਆਸਤਦਾਨ ਗਿ: ਕਰਤਾਰ ਸਿੰਘ ਜੀ ਦੇ ਸੰਪਰਕ ਵਿੱਚ ਆ ਕੇ ਮੈਂ ਮਹਿਸੂਸ ਕੀਤਾ ਕਿ ਕੌਮੀ-ਜੂਹ ਵਿੱਚ ਅਜੇ ਵੀ ਕੋਈ ਕੋਈ ਦੀਵਾ ਬਲ ਰਿਹਾ ਹੈ। ਅਜੇ ਵੀ ਕੁਝ ਕੁ ਅਜਿਹੇ ਲੀਡਰ ਤੇ ਕਾਫੀ ਵਰਕਰ ਹਨ ਜਿਹਨਾਂ ਦੇ ਦਿਲਾਂ 'ਚੋਂ ਕੌਮ ਲਈ ਈਮਾਨਦਾਰੀ ਤੇ ਦਿਆਨਤਦਾਰੀ ਝਰ ਰਹੀ ਹੈ। ਪਰ ਪੰਥਕ-ਸਫ਼ਾਂ 'ਚ ਪਏ ਗ਼ਰਦੋ-ਗੁਬਾਰ ਨੂੰ ਵੇਖ ਮਨੋਂ ਇਕ ਆਸ ਉੱਠਦੀ ਸੀ ਕਿ ਕੋਈ ਇਮਾਨਦਾਰ ਲੀਡਰ ਉੱਠੇ ਤੇ ਨੌਜਵਾਨਾਂ ਨੂੰ ਜਥੇਬੰਦ ਕਰ



ਲਵੇ ਤਾਂ ਕੌਮ ਦੀ ਤਕਦੀਰ ਸੰਵਰ ਸਕਦੀ ਹੈ ਕਿਉਂਕਿ ਅਕਾਲੀ ਲੀਡਰਸ਼ਿਪ ਨੌਜਵਾਨਾਂ ਨੂੰ ਆਪਣੀ ਸੁਆਰਥ-ਸਿਧੀ ਲਈ ਵਰਤਦੀ ਸੀ ਪਰ ਉਹਨਾਂ ਦੇ ਪੈਰ ਨਹੀਂ ਸੀ ਲੱਗਣ ਦਿੰਦੀ। ਬਾਹਰ ਆ ਕੇ ਵੀ ਮੈਂ ਵੇਖਿਆ ਕਿ ਬਾਹਰਲੇ ਅਕਾਲੀ ਵੀ ਦੇਸੀ ਅਕਾਲੀ ਲੀਡਰਾਂ ਦੇ ਹੀ ਤਾਬਿਆਦਾਰ ਸਨ ਤੇ ਨੌਜਵਾਨ ਆਪ ਹੀ ਇਕੱਠੇ ਨਹੀਂ ਸਨ ਹੋ ਰਹੇ। ਫਿਰ 84 ਦੇ ਸਾਕੇ 'ਚ ਸਮੇਤ ਸੰਤ ਜਰਨੈਲ ਸਿੰਘ ਸਿੱਖਾਂ ਦੀ ਉੱਭਰਦੀ ਦਿਆਨਤਦਾਰ ਲੀਡਰਸ਼ਿਪ, ਕੌਮ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ ਹੀ ਕੁਰਬਾਨ ਹੋ ਗਈ ਤੇ ਸਿੱਖਾਂ ਨੂੰ ਆਹ ਦਿਨ ਦੇਖਣੇ ਆਣ ਪਏ!

ਸੰਖੇਪ, ਇਹ ਸਨ ਉਹ ਪ੍ਰਸਥਿਤੀਆਂ ਜਿਹਨਾਂ 'ਚੋਂ ਮੇਰੀਆਂ ਪੁਸਤਕਾਂ 'ਆਨੰਦਪੁਰ ਬਨਾਮ ਦਿੱਲੀ' ਤੇ 'ਰਾਜ ਕਰੇਗਾ ਖਾਲਸਾ' ਆਦਿ ਨੇ ਜਨਮ ਲਿਆ। ਹੱਥਲੀ ਪੁਸਤਕ 'ਕੇਸਗੜ੍ਹ ਦੇ ਕਿੰਗਰੇ' ਵੀ ਇਸੇ ਸਿੱਖੀ-ਸੋਚ ਜਾਂ ਸਮੇਂ ਸਮੇਂ ਇਸੇ ਪ੍ਰਭਾਵ ਅਧੀਨ ਲਿਖੀਆਂ ਮੇਰੀਆਂ ਨਜ਼ਮਾਂ ਦਾ ਸੰਗ੍ਰਹਿ ਹੈ। ਉਮੀਦ ਹੈ ਪਾਠਕ ਇਸਦੇ ਸਾਹਿਤਕ-ਪਹਿਲੂ ਤੋਂ ਪਾਰ ਵਸਦੇ ਧਾਰਮਿਕ ਤੇ ਇਤਿਹਾਸਕ ਸੱਚ ਤੋਂ ਪਰੀਚਿਤ ਹੋ ਸਕਣਗੇ।

**ਸ਼ੇਰ ਸਿੰਘ ਕੰਵਲ**

30 ਸਤੰਬਰ, 2010

## ਲੇਖਕ ਦੀਆਂ ਹੋਰ ਰਚਨਾਵਾਂ :

### ਕਾਵਿ-ਸੰਗ੍ਰਹਿ :

* ਪੱਥਰ ਦੀ ਅੱਖ (1970)
* ਗੁਲਾਬ ਫ਼ਾਨੂਸ ਤੇ ਬਰਫ਼ (1977)
  (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ)
* ਆਨੰਦਪੁਰ ਬਨਾਮ ਦਿੱਲੀ (1977)
* ਮੋਹ ਮਹਿਲ (1981)
* ਸੰਦਲੀ ਰੁੱਤ (2006)
* ਮਿੱਟੀ ਦੇ ਮੋਰ (2006)
* ਹੱਸਦੇ ਹੱਸਦੇ ਜਾਂਦੇ ਜਾਂਦੇ (2009)

### ਗ਼ਜ਼ਲ-ਸੰਗ੍ਰਹਿ :

* ਕਾਸ਼ਨੀ ਦੇ ਫੁੱਲ (2003)
  (ਸਰਵ-ਸ੍ਰੇਸ਼ਠ ਪੁਸਤਕ ਪੁਰਸਕਾਰ ਪ੍ਰਾਪਤ)

### ਵਾਰਤਕ :

* ਰਾਜ ਕਰੇਗਾ ਖਾਲਸਾ
* ਮੇਲ-ਮੁਲਾਕਾਤਾਂ ਤੇ ਮੁਹਾਂਦਰੇ

### ਛਪਣ ਹਿਤ :

* ਕੱਚ ਦੀਆਂ ਮੁੰਦਰਾਂ (ਕਵਿਤਾ)
* ਚੀਨੇ ਕਬੂਤਰ (ਕਵਿਤਾ)
* ਬਾਰਾਦਰੀ (ਕਵਿਤਾ)
* ਢਾਈ ਪੱਤ ਮੱਛਲੀ ਦੇ (ਕਵਿਤਾ)
* ਕਿੱਸਾ ਪਰਦੇਸੀ ਰਾਂਝਣ (ਵਿਅੰਗ)
* ਪੰਜਾਬ ਦੇ ਮੇਲੇ (ਵਾਰਤਕ)



## ਜੀਵਨ ਬਿਉਰਾ

| | | |
|---|---|---|
| ਨਾਮ | : | ਸ਼ੇਰ ਸਿੰਘ ਕੰਵਲ |
| ਜਨਮ | : | 15 ਦਸੰਬਰ, 1943 |
| ਜਨਮ ਸਥਾਨ | : | ਤਲਵੰਡੀ ਮੱਲ੍ਹੀਆਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) |
| ਪਿਤਾ | : | ਸਰਦਾਰ ਚੰਨਣ ਸਿੰਘ ਬਾਸੀ |
| ਮਾਤਾ | : | ਸਰਦਾਰਨੀ ਸ਼ਾਮ ਕੌਰ |
| ਪਤਨੀ | : | ਸਰਦਾਰਨੀ ਸਤਵੰਤ ਕੌਰ |
| ਬੱਚੇ | : | ਹਰਿਸਿਮਰਨ ਕੌਰ (ਬੇਟੀ) |
| | | ਹਰਕੀਰਤ ਸਿੰਘ (ਬੇਟਾ) |
| ਵਿੱਦਿਅਕ ਯੋਗਤਾ | : | ਐਮ.ਏ. |

• ਖੇਤੀਬਾੜੀ ਵਿਭਾਗ 'ਚ ਕੰਮ ਕਰਨ ਉਪਰੰਤ ਬੀ.ਐੱਡ. ਕਰਕੇ ਕੁਝ ਸਕੂਲਾਂ 'ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌਰਮਿੰਟ ਕਾਲਜ ਟਾਂਡਾ, ਗੌਰਮਿੰਟ ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 'ਚ ਅਮਰੀਕਾ ਨਿਵਾਸ।

• 1964 'ਚ ਰੋਜ਼ਾਨਾ 'ਨਵੀਂ ਪ੍ਰਭਾਤ' ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ 'ਚ ਪ੍ਰਵੇਸ਼ ਕਰਕੇ ਦੇਸ਼ ਵਿਦੇਸ਼ 'ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 1985 'ਚ ਕੈਲੇਫ਼ੋਰਨੀਆਂ (ਅਮਰੀਕਾ) ਤੋਂ ਪਹਿਲਾ ਸਾਹਿਤਕ ਪੰਜਾਬੀ ਮਾਸਿਕ ਪੱਤਰ 'ਜਾਗੋ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨ੍ਹਾਂ ਸਿੱਖਾਂ ਦੇ ਧਾਰਮਿਕ ਸਿਆਸੀ ਮਸਲਿਆਂ 'ਤੇ ਪੰਜਾਬ ਦੇ ਮੇਲਿਆਂ ਸੰਬੰਧੀ ਸੈਂਕੜੇ ਆਰਟੀਕਲ ਲਿਖੇ।

• 1978 'ਚ 'ਗੁਲਾਬ, ਫ਼ਾਨੂਸ ਤੇ ਬਰਫ਼' ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਕਈ ਸਨਮਾਣ।

• ਸੰਸਾਰ ਵਿੱਚ ਸਭ ਤੋਂ ਲੰਮੀ ਤੋਰੀ (Longest Zucchini Courgette) ਪੈਦਾ ਕਰਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ 2002 ਅਤੇ 2003 ਵਿੱਚ ਦੋ ਵੇਰ 'ਗਿਨੀਸ ਵਰਲਡ ਰਿਕਾਰਡ' ਕਾਇਮ ਕੀਤਾ।

# ਤਤਕਰਾ


| | | |
|---|---|---|
| 1. | ਆਨੰਦਪੁਰ ਬਨਾਮ ਦਿੱਲੀ | 9 |
| 2. | ਵੰਗਾਰ! | 18 |
| 3. | ਅੰਮ੍ਰਿਤਸਰ-ਸਿਫ਼ਤੀ ਦਾ ਘਰ | 22 |
| 4. | ਗੁਰੂ ਗੋਬਿੰਦ ਸਿੰਘ ਮਾਰਗ | 27 |
| 5. | ਖ਼ਾਲਸੇ ਦਾ ਰਾਜ | 29 |
| 6. | ਵਿਸਾਖੀ | 34 |
| 7. | ਚਾਨਣ ਦੇ ਵਣਜਾਰੇ | 42 |
| 8. | ਸਾਕਾ ਸ੍ਰੀ ਅਕਾਲ ਤਖ਼ਤ ਸਾਹਿਬ | 43 |
| 9. | ਮੌਸਮ ਮੌਸਮ ਦੀ ਗੱਲ | 58 |
| 10. | ...ਹੁਣ ਤਲਾਸ਼ ਹੈ | 60 |
| 11. | ਦੋ ਗੱਲਾਂ—ਕੌਮ ਦੇ ਯੋਧੇ-ਜਰਨੈਲ ਨਾਲ! | 63 |
| 12. | ਦੁੱਖ-ਸੁੱਖ | 65 |
| 13. | ਪੈਗ਼ਾਮ | 69 |
| 14. | ਜੁਝਾਰੂ-ਸਿੰਘ ਦਸਮੇਸ਼—ਦਰਬਾਰ ਦੀ ਸਰਦਲ ਤੇ! | 71 |
| 15. | ਸ਼ਹੀਦ ਕਿਹਰ ਸਿੰਘ ਨੂੰ | 80 |
| 16. | ਗ਼ਜ਼ਲ | 83 |
| 17. | ਸ਼ਹੀਦੀ-ਸੁਹਾਗ | 84 |




# ਆਨੰਦਪੁਰ ਬਨਾਮ ਦਿੱਲੀ

ਦਿੱਲੀ ਦੇ ਦਿਲ 'ਚ ਖੜਕੀ ਹੈ—
ਆਨੰਦਪੁਰ ਬਹੁਤ ਅੱਥਰਾ ਹੈ
ਇਹਦੇ ਗੁਸਤਾਖ਼ ਬੋਲਾਂ ਨੇ
ਤਖ਼ਤ ਦਾ ਚੈਨ ਖੋਇਆ ਹੈ।

ਮੁਲਕ ਤਾਂ ਘੂਕ ਸੁੱਤਾ ਸੀ
ਹਨੇਰੀ ਰਾਤ ਦੇ ਵਾਂਗੂੰ।
ਸ਼ਾਹੀ ਫ਼ੁਰਮਾਨ ਸੁਣਦਾ ਸੀ
ਇਲਾਹੀ ਬਾਤ ਦੇ ਵਾਂਗੂੰ :—

"ਦਿੱਲੀ ਦੇ ਤਖ਼ਤ ਦੇ ਬਾਝੋਂ
ਕਿਸੇ ਸਿਰ ਤਾਜ ਨਾ ਹੋਵੇ।
ਜੇ ਆਲਮਗੀਰ ਨਹੀਂ ਦੂਜਾ
ਤਾਂ ਦੂਜਾ ਰਾਜ ਨਾ ਹੋਵੇ।
ਰਾਗ਼ ਨੂੰ ਦਫ਼ਨ ਕਰ ਦੇਵੋ
ਕਿਤੇ ਕੋਈ ਸਾਜ਼ ਨਾ ਹੋਵੇ।
ਧਰਮ ਇਸਲਾਮ ਹੈ ਇੱਕੋ
ਦੂਜੀ ਆਵਾਜ਼ ਨਾ ਹੋਵੇ।
ਇਹ ਸਾਰੀ ਖਲਕ ਹੈ ਉਸਦੀ
ਖ਼ੁਦਾ ਦਾ ਮੁਲਕ ਇਹ ਸਮਝੋ।
ਜੀਹਦੇ ਤੇ ਕਰਮ ਹੈ ਉਸਦਾ
ਉਸੇ ਨੂੰ ਹੀ ਮਲਕ ਸਮਝੋ।"

ਸ਼ਾਹੀ ਫ਼ੁਰਮਾਨ ਦੇ ਸਾਹਵੇਂ
ਮੁਲਕ ਜੇ ਸਿਰ ਝੁਕਾਉਂਦਾ ਹੈ।
ਆਨੰਦਪੁਰ ਕੌਣ ਹੁੰਦਾ ਹੈ
ਜੋ ਇਸ ਤੋਂ ਹਿਚਕਚਾਉਂਦਾ ਹੈ?

ਜਾਵੋ ਪੈਗ਼ਾਮ ਦੇ ਦੇਵੋ
ਦਿੱਲੀ ਦਾ ਤਾਜ ਕਹਿੰਦਾ ਹੈ :—
"ਅਜੇ ਵੀ ਸਮਝ ਜਾ ਕਾਫ਼ਿਰ
ਇਹ ਸੌਦਾ ਬਹੁਤ ਮਹਿੰਗਾ ਹੈ!
ਤੂੰ ਦਿੱਲੀ ਤਖ਼ਤ ਹੱਥ ਵਿਚਲੀ
ਅਜੇ ਤਲਵਾਰ ਨਹੀਂ ਦੇਖੀ।
ਉਹ ਕਰੜੇ ਹੱਥ ਨਹੀਂ ਦੇਖੇ
ਤੇ ਕਰੜੀ ਮਾਰ ਨਹੀਂ ਦੇਖੀ।
ਆਨੰਦਪੁਰ ਬਹੁਤ ਬੱਚਾ ਹੈਂ!
ਤੂੰ ਉਮਰੋਂ ਬਹੁਤ ਕੱਚਾ ਹੈਂ!!
ਤਦੇ ਹੀ ਤੇਜ-ਤੱਤਾ ਹੈਂ
ਤੇ ਏਨਾ ਮਾਣ-ਮੱਤਾ ਹੈਂ!!!"

ਸ਼ਾਹੀ ਫ਼ੁਰਮਾਨ ਨੂੰ ਸੁਣਕੇ
ਆਨੰਦਪੁਰ ਬਹੁਤ ਹੱਸਦਾ ਹੈ।
ਹਰਫ਼ ਦਾ ਨਾਗ਼ ਬਣ ਖ਼ਤ ਦਾ
ਉਹਨੂੰ ਪਰ ਬਹੁਤ ਡੱਸਦਾ ਹੈ।

ਇਵੇਂ ਹੀ ਵਕਤ ਤੁਰਦਾ ਹੈ!
ਦਿੱਲੀ ਦਾ ਤਖ਼ਤ ਤੁਰਦਾ ਹੈ!!
ਮੁਲਕ ਦਾ ਦਰਦ ਤੁਰਦਾ ਹੈ!!!

ਆਨੰਦਪੁਰ ਨਗਰ ਹੈ ਕੈਸਾ
ਜਿੱਥੇ ਹਰ ਰੋਜ਼ ਰਾਤਾਂ ਨੂੰ
ਪੁਨਮ ਦਾ ਚੰਨ ਚੜ੍ਹਦਾ ਹੈ!
ਸ਼ਹਿਰ ਦੀ ਕੁੱਖ ਦੇ ਅੰਦਰ
ਸੂਰਜ ਇੱਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ!!

ਤੂਫ਼ਾਨੀ ਰਾਤ ਹੈ ਕਾਲੀ
ਨਿਤਾਣੇ ਰੁੱਖ ਡਰਦੇ ਨੇ।
ਬੜਾ ਹੀ ਕਸ਼ਟ ਜਰਦੇ ਨੇ!
ਬੜਾ ਹੀ ਰੁਦਨ ਕਰਦੇ ਨੇ!!



ਦਿੱਲੀ ਦਾ ਦਿਲ ਦਰਿੰਦਾ ਹੈ
ਦਿੱਲੀ ਦਾ ਤਖ਼ਤ ਜ਼ਾਲਮ ਹੈ
ਬੜਾ ਹੀ ਸਿਤਮ ਢਾਂਦਾ ਹੈ।
ਸਵਾ ਮਣ ਮਹਿਕ ਸੁੱਚੀ ਨੂੰ
ਸਿਤਮਗਰ ਕਤਲ ਕਰਦਾ ਹੈ
ਤੇ ਰੋਟੀ ਫੇਰ ਖਾਂਦਾ ਹੈ।

ਹਨੇਰਾ ਸ਼ੂਕਦਾ ਜੰਗਲ
ਅਮੌਤੀ ਮੌਤ ਵਰਦਾ ਹੈ।
ਚਾਨਣ ਦੀ ਕਿਰਨ ਦੇ ਬਾਝੋਂ
ਵਿਚਾਰਾ ਰੋਜ਼ ਮਰਦਾ ਹੈ।

ਤੇ ਫਿਰ ਇਕ ਰੋਜ਼ ਆਉਂਦਾ ਹੈ
ਦਿੱਲੀ ਦੇ ਤਖ਼ਤ ਤੋਂ ਸਤ ਕੇ
ਨਿਤਾਣੇ ਰੁੱਖ ਕੰਬਦੇ ਨੇ।
ਸੋਚ ਦਾ ਸਫ਼ਰ ਕਰ ਕਰ ਕੇ
ਨਿਕਰਮੇ ਅੰਤ ਹੰਭਦੇ ਨੇ।

ਤੇ ਫਿਰ ਇਕ ਸੋਚ ਦੇ ਅੰਦਰ
ਆਨੰਦਪੁਰ ਸ਼ਹਿਰ ਖੜ੍ਹਦਾ ਹੈ!
ਜਿੱਥੇ ਇੱਕ ਚੰਨ ਪੁਨਮ ਦਾ
ਰਾਤਾਂ ਨੂੰ ਰੋਜ਼ ਚੜ੍ਹਦਾ ਹੈ!
ਸੂਰਜ ਇਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ!!

ਰੁੱਖਾਂ ਦੇ ਸਹਿਮਦੇ ਸਾਏ
ਆਨੰਦਪੁਰ ਫੇਰ ਆਉਂਦੇ ਨੇ।
ਪੁਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦੇ ਨੇ।
ਹੰਝੂਆਂ ਦੇ ਹੜ੍ਹ 'ਚ ਹੜ੍ਹਦੇ ਉਹ
ਬੜਾ ਹੀ ਤਿਲਮਿਲਾਉਂਦੇ ਨੇ।
ਜ਼ਖ਼ਮਾਂ ਦੀ ਪੀੜ ਨੂੰ ਦੱਸਦੇ
ਕਿੰਨਾ ਹੀ ਸਟਪਟਾਉਂਦੇ ਨੇ!!

ਰੁੱਖਾਂ ਦੀ ਬਾਤ ਸੁਣਕੇ
ਚੰਨ ਕੋਈ ਸੋਚ ਘੜਦਾ ਹੈ।
ਏਨੇ ਵਿੱਚ ਸੁਹਲ ਸੂਰਜ ਵੀ
ਉਹਦੇ ਆ ਕੋਲ ਖੜਦਾ ਹੈ।
ਜਦੋਂ ਉਹ ਬਾਲ ਸੂਰਜ ਨੂੰ
ਦਸਦਾ ਹੈ ਦਾਸਤਾਂ ਸਾਰੀ।
(ਕਿ) ਪੀੜ ਇਹ ਦੂਰ ਕਰਦੇਗਾ
ਕੋਈ ਵੀ ਪਾਸਬਾਂ ਸਾਰੀ।

ਸੂਰਜ ਦੀ ਜੀਭ ਨਿੱਕੀ ਤੋਂ
ਵੱਡੇ ਤਦ ਬੋਲ ਸੁਣਦੇ ਨੇ।
ਸੂਰਜ ਚੰਨ ਬੈਠ ਕੇ ਦੋਵੇਂ
ਮੁਲਕ ਦੀ ਪੀੜ ਪੁਣਦੇ ਨੇ।

ਫੇਰ ਜਦ ਚੰਦ ਸੂਰਜ ਦੇ
ਨਿੱਕੇ ਜਿਹੇ ਸੁਹਲ ਮੱਥੇ ਤੇ
ਚੁੰਮਣ ਦਾ ਫੁੱਲ ਧਰਦਾ ਹੈ।
ਅਲਵਿਦਾ ਆਖ ਕੇ ਉਸਨੂੰ
ਜੰਗਲ ਦਾ ਸਫ਼ਰ ਕਰਦਾ ਹੈ।
ਰੁੱਖਾਂ ਦੇ ਪਾਸ ਜਾ ਜਾ ਕੇ
ਜਦੋਂ ਉਹ ਬਾਤ ਪਾਂਦਾ ਹੈ।
ਚਾਨਣ ਦੇ ਬੀਜ ਬੋਂਦਾ ਹੈ
ਕਿਰਨਾਂ ਦਾ ਮੀਂਹ ਵਰ੍ਹਾਂਦਾ ਹੈ।

ਦਿੱਲੀ ਦਾ ਤਖ਼ਤ ਵਾਕਿਫ਼ ਹੈ
ਤੇ ਜ਼ਾਲਮ ਬਹੁਤ ਸੜਦਾ ਹੈ।
ਚੰਨ ਦੀ ਗੱਲ ਨੂੰ ਸੁਣ ਕੇ
ਉਹਨੂੰ ਕੋਈ ਨਾਗ ਲੜਦਾ ਹੈ!
ਅਤੇ ਕੋਈ ਤਾਪ ਚੜ੍ਹਦਾ ਹੈ!!

ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ



ਉਹਦੀ ਹਰ ਪੈੜ ਸੁੰਘਦੇ ਨੇ।
ਉਹਦੇ ਹਰ ਬੋਲ ਨੂੰ ਚੁਣ ਕੇ
ਤਾਜ ਦੇ ਕੰਨ ਟੁੰਗਦੇ ਨੇ।
ਚੰਨ ਦੇ ਬੋਲ ਨੂੰ ਸੁਣ ਕੇ
ਤਖ਼ਤ ਦਾ ਦਿਲ ਦਹਿਲਦਾ ਹੈ!
ਤਖ਼ਤ ਬੇਚੈਨ ਟਹਿਲਦਾ ਹੈ!!

ਉਹਦੀ ਅੱਖ ਨੀਂਦ ਤੋਂ ਊਣੀ
ਹਨੇਰਾ ਝਾਗਦੀ ਰਹਿੰਦੀ।
ਚੰਨ ਦੇ ਸੁਪਨ ਤੋਂ ਡਰਦੀ
ਰਾਤਾਂ ਨੂੰ ਜਾਗਦੀ ਰਹਿੰਦੀ।
ਕਦੇ ਪਰ ਜਾਗਦੇ ਉਸਨੂੰ
ਖ਼ੌਫ਼ ਦਾ ਖ਼ਾਬ ਆਉਂਦਾ ਹੈ।
ਜੀਹਦੇ ਵਿੱਚ ਚੰਨ ਪੁਨਮ ਦਾ
ਗਗਨ ਵਿੱਚ ਪੈਲ ਪਾਉਂਦਾ ਹੈ।
ਜੀਹਦੇ ਵਿੱਚ ਜੂਝਦਾ ਚਾਨਣ
ਹਨੇਰਾ ਕਤਲ ਕਰਦਾ ਹੈ।
ਦਿੱਲੀ ਦੇ ਤਖ਼ਤ ਦਾ ਸਾਇਆ
ਜੀਹਦੇ ਵਿੱਚ ਰੋਜ਼ ਮਰਦਾ ਹੈ।
ਤਖ਼ਤ ਇਸ ਖ਼ਾਬ ਨੂੰ ਤੱਕ ਕੇ
ਜਾਣੀਦੀ ਬਹੁਤ ਡਰਦਾ ਹੈ।
ਜੀਂਦੇ—ਜੀਅ ਤਾਜ ਹੈ ਕਿਹੜਾ
ਜੁ ਆਪਣੀ ਮੌਤ ਵਰਦਾ ਹੈ?
ਗੁੱਸੇ ਵਿੱਚ ਤਖ਼ਤ ਕੰਬਦਾ ਤਦ
ਅੱਖਾਂ ਵਿੱਚ ਰੱਤ ਭਰਦਾ ਹੈ।
"ਚੰਨ ਨੂੰ ਪਕੜ ਲੈ ਆਵੋ"
ਤਖ਼ਤ ਇਹ ਹੁਕਮ ਕਰਦਾ ਹੈ।

ਇਵੇਂ ਫਿਰ ਬਾਤ ਚਲਦੀ ਹੈ!
ਇਹ ਕਾਲੀ ਰਾਤ ਚਲਦੀ ਹੈ!!
ਜੰਗਲ ਵਿੱਚ ਚੰਨ ਦੇ ਮੱਥੇ
ਕੋਈ ਪ੍ਰਭਾਤ ਪਲਦੀ ਹੈ!!

ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ
ਕਿਸੇ ਇਕ ਸ਼ਹਿਰ ਦੇ ਅੰਦਰ
ਉਹ ਚੰਨ ਨੂੰ ਘੇਰ ਖੜਦੇ ਹਨ।
ਜਿੱਥੇ ਚੰਨ ਨਾਲ ਕੁਝ ਤਾਰੇ
ਗਗਨ ਵਿੱਚ ਰੋਜ਼ ਚੜ੍ਹਦੇ ਹਨ।
ਉਹ ਸਾਰੇ ਚੰਨ ਤੇ ਤਾਰੇ
ਇਸੇ ਥਾਂ ਪਕੜ ਨੇ ਲੈਂਦੇ।
ਜੰਜ਼ੀਰੀਂ ਜਕੜ ਨੇ ਲੈਂਦੇ।

ਤੇ ਫ਼ਿਰ ਇਕ ਰੋਜ਼ ਜ਼ਾਲਮ ਨੂੰ
ਤਖ਼ਤ ਦਰਬਾਰ ਲਾਉਂਦਾ ਹੈ।
ਭਰੇ ਦਰਬਾਰ ਦੇ ਅੰਦਰ
ਪੂਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦਾ ਹੈ:—
"ਚੰਨ ਤੂੰ ਬਹੁਤ ਚੰਗਾ ਹੈਂ
ਤੇਰਾ ਸਤਿਕਾਰ ਕਰਦਾ ਹਾਂ।
ਤੈਨੂੰ ਇਤਬਾਰ ਨਹੀਂ ਆਉਣਾ
ਮੈਂ ਤੈਨੂੰ ਪਿਆਰ ਕਰਦਾ ਹਾਂ।
ਪ੍ਰਸ਼ਨ ਪਰ ਇਕ ਇਹ ਕੇਹਾ
ਮੇਰੇ ਮਨ ਰੋਜ਼ ਰਹਿੰਦਾ ਹੈ।
ਖ਼ੁਦਾ ਨੂੰ ਇਕ ਤੂੰ ਆਖੇਂ
ਇਹੀਓ ਇਸਲਾਮ ਕਹਿੰਦਾ ਹੈ।
ਭਲਾ ਇਸਲਾਮ ਤੋਂ ਵੱਖਰੀ
ਫੇਰ ਤੂੰ ਗੱਲ ਕਿਉਂ ਕਰਦੈਂ ?
ਨਿਗੂਣੀ ਗੱਲ ਦੇ ਪਿੱਛੇ
ਤੂੰ ਏਨਾ ਕਸ਼ਟ ਕਿਉਂ ਜਰਦੈਂ ?
ਕਿਉਂ ਮੇਰੀ ਦੁਸ਼ਮਣੀ ਵਰਦੈਂ
ਅਮੌਤੀ ਮੌਤ ਕਿਉਂ ਮਰਦੈਂ ?
ਆ ਜਾ ਇਸਲਾਮ ਦੇ ਅੰਦਰ
ਇਹ ਸਾਰਾ ਕੁਫ਼ਰ ਤੂੰ ਤਜ ਦੇ।
ਕ੍ਰਿਸ਼ਮਾ ਜਾਂ ਵਿਖਾ ਕੋਈ
ਜਾਂ ਅੱਜ ਤੋਂ ਜ਼ਿੰਦਗੀ ਛੱਡ ਦੇ।"



ਤਖ਼ਤ ਦੇ ਪ੍ਰਸ਼ਨ ਨੂੰ ਸੁਣਕੇ
ਚੰਨ ਫਿਰ ਮੁਸਕਰਾਉਂਦਾ ਹੈ।
"ਤੂੰ ਸਿਰ ਨੂੰ ਹੀ ਕਲਮ ਕਰ ਲੈ"
ਚੰਨ ਫਿਰ ਕਹਿ ਸੁਣਾਉਂਦਾ ਹੈ।
ਚੰਨ ਦਾ ਬੋਲ ਸੁਣਦੇ ਹੀ
ਤਖ਼ਤ ਦੀ ਅੱਖ ਮੱਘਦੀ ਹੈ।
ਨਫ਼ਰਤ ਦਾ ਨਾਗ਼ ਲੜ ਉਸਨੂੰ,
ਜਾਣੀਂ ਕੋਈ ਅੱਗ ਲੱਗਦੀ ਹੈ।
ਤਾਜ ਫਿਰ ਜ਼ਹਿਰ ਦੇ ਪਿੰਜਰੇ
ਚੰਨ ਨੂੰ ਬੰਦ ਹੈ ਕਰਦਾ।
ਤੇ ਇਸ ਵਿੱਚ ਚੰਨ ਇਹ ਸੋਹਣਾ
ਬੜਾ ਹੀ ਕਸ਼ਟ ਹੈ ਜਰਦਾ।
ਚੰਨ ਦੇ ਨਾਲ ਦੇ ਤਾਰੇ
ਤਖ਼ਤ ਜਾਂ ਜ਼ਬਰ ਜਰਦੇ ਨੇ।
ਉਹ ਉਸਦੀ ਅੱਖ ਦੇ ਸਾਹਵੇਂ
ਮੌਤ ਨਾਲ ਜੂਝ ਮਰਦੇ ਨੇ!
ਤੇ ਉਸਦਾ ਸ਼ੁਕਰ ਕਰਦੇ ਨੇ!!

ਤੇ ਫਿਰ ਉਹ ਰੋਜ਼ ਆਉਂਦਾ ਹੈ
ਜਦੋਂ ਇਕ ਚੌਂਕ ਦੇ ਅੰਦਰ
ਚੰਨ ਦਾ ਫੁੱਲ ਖਿੜਦਾ ਹੈ!
ਜ਼ਬਰ ਤੇ ਸਬਰ ਦਾ ਮੱਘਦਾ
ਜਦੋਂ ਇੱਕ ਯੁੱਧ ਛਿੜਦਾ ਹੈ!!
ਦਿੱਲੀ ਦੇ ਸ਼ਹਿਰ ਸੰਗ ਸਿੱਧਾ
ਆਨੰਦਪੁਰ ਸ਼ਹਿਰ ਭਿੜਦਾ ਹੈ!!!

ਤਖ਼ਤ ਦੇ ਹੁਕਮ ਦੇ ਬੱਧੇ
ਜ਼ਾਲਮ ਜੱਲਾਦ ਦੇ ਹੱਥੋਂ
ਜਦੋਂ ਤਲਵਾਰ ਵਰ੍ਹਦੀ ਹੈ।
ਸੁਨਹਿਰੀ ਚੰਨ ਦੇ ਟੁਕੜੇ
ਉਹ ਚੰਦਰੀ ਕਰ ਗੁਜ਼ਰਦੀ ਹੈ।

ਚਾਂਦਨੀ ਚੌਂਕ ਦੇ ਅੰਦਰ
ਚੰਨ ਦੇ ਸੁਹਲ ਪਿੰਡੇ ਦਾ
ਖੂਨ ਜੇ ਡੁੱਲ੍ਹ ਸਕਦਾ ਹੈ।
ਤਾਂ ਕੋਈ ਇਤਿਹਾਸ ਦਾ ਵਰਕਾ
ਸ਼ਹਾਦਤ ਦੀ ਕਹਾਣੀ ਨੂੰ
ਭਲਾ ਕਿੰਝ ਭੁੱਲ ਸਕਦਾ ਹੈ?

ਕਹਿਰ ਦੀ ਰਾਤ ਕਾਲੀ ਵਿੱਚ
ਜਦੋਂ ਇਹ ਕਹਿਰ ਟੁੱਟਦਾ ਹੈ।
ਤਦੋਂ ਅਸਮਾਨ ਦੇ ਵਿੱਚੋਂ
ਕੋਈ ਤੂਫ਼ਾਨ ਛੁੱਟਦਾ ਹੈ।
ਕਹਿਰ-ਤੂਫ਼ਾਨ ਵਿੱਚ ਡੁੱਬਾ
ਦਿੱਲੀ ਦਾ ਸ਼ਹਿਰ ਡਰਦਾ ਹੈ।
ਤਾਰਾ ਇਕ ਚੰਨ ਦਾ ਪਿਆਰਾ
ਚੁੱਕ ਇਕ ਚੰਨ-ਟੁਕੜੇ ਨੂੰ
ਫਿਰ ਆਪਣੇ ਘਰ 'ਚ ਧਰਦਾ ਹੈ।
ਹੱਥੀਂ ਘਰ ਫੂਕ ਕੇ ਆਪਣਾ
ਉਹਦਾ ਸਸਕਾਰ ਕਰਦਾ ਹੈ।

ਤਾਰਾ ਇਕ ਹੋਰ ਐਸਾ ਹੀ
ਰਹਿੰਦੇ ਚੁੱਕ ਚੰਨ-ਟੁਕੜੇ ਨੂੰ
ਆਨੰਦਪੁਰ ਪਹੁੰਚ ਜਾਂਦਾ ਹੈ।
ਅੱਖਾਂ ਵਿੱਚ ਹੰਝੂ ਭਰ ਕੇ ਉਹ
ਸਾਰੀ ਹੀ ਦਾਸਤਾਂ ਬੀਤੀ
ਸੂਰਜ ਦੀ ਝੋਲ ਪਾਂਦਾ ਹੈ।

ਆਨੰਦਪੁਰ ਸ਼ਹਿਰ ਦੇ ਅੱਖੀਂ
ਬੜਾ ਹੀ ਮੋਹ ਉਮਡਦਾ ਹੈ
ਤੇ ਅੱਥਰੂ ਟਪਕ ਪੈਂਦੇ ਨੇ।
ਆਨੰਦਪੁਰ ਸ਼ਹਿਰ ਦੇ ਮੱਥੇ,
ਬੜਾ ਹੀ ਰੋਹ ਉਮੱਡਦਾ ਹੈ
ਅੰਗਾਰੇ ਭਬਕ ਪੈਂਦੇ ਨੇ।



ਤੇ ਫਿਰ ਇਤਿਹਾਸ ਤੁਰਦਾ ਹੈ!
ਵਕਤ ਦਾ ਮੋੜ ਮੁੜਦਾ ਹੈ!!
ਤੇ ਜਦ ਇਸ ਸ਼ਹਿਰ ਦਾ ਵਾਰਸ
ਸੂਰਜ ਉਹ ਤੇਜ਼ ਤੇ ਤੱਤਾ
ਅੱਗ ਦਾ ਗੀਤ ਗਾਂਦਾ ਹੈ।
ਦਿੱਲੀ ਵੱਲ ਮੂੰਹ ਕਰਕੇ ਤੇ
ਉਹ ਆਪਣੀ ਤੇਗ਼ ਚੁੰਮਦਾ ਹੈ
ਅਤੇ ਇਕ ਕਸਮ ਖਾਂਦਾ ਹੈ:—

"ਆਨੰਦਪੁਰ ਜਾਗਦਾ ਦਿੱਲੀਏ
ਆਨੰਦਪੁਰ ਜਾਗਦੇ ਰਹਿਣਾ!
ਜ਼ੁਲਮ ਨੂੰ ਮਾਰਦਾ ਦਿੱਲੀਏ
ਜ਼ੁਲਮ ਇਸ ਮਾਰਦੇ ਰਹਿਣਾ!!
ਨੀਚ ਸਤਿਕਾਰਦਾ ਦਿੱਲੀਏ
ਇਹਨੇ ਸਤਿਕਾਰਦੇ ਰਹਿਣਾ!!!
ਸੱਚ ਲਈ ਵਾਰਦਾ ਜਿੰਦੜੀ
ਇਹਨੇ ਸਦ ਵਾਰਦੇ ਰਹਿਣਾ!!!!

"ਦਿੱਲੀਏ ਜ਼ੁਲਮ ਦੇ ਕਿੰਗਰੇ
ਆਨੰਦਪੁਰ ਤੋੜਦਾ ਰਹਿਸੀ!
ਜ਼ੁਲਮ ਦੀ ਧਾਰ ਨੂੰ ਦਿੱਲੀਏ
ਆਨੰਦਪੁਰ ਮੋੜਦਾ ਰਹਿਸੀ!!

## ਵੰਗਾਰ !

ਹੈ ਵਕਤ ਦੀ ਆਵਾਜ਼ ਇਹ ਜਾਗੋ ਮਲਾਹੋ ਜਾਗ ਪਓ!
ਭੰਵਰਾਂ 'ਚ ਬੇੜੀ ਕੌਮ ਦੀ ਐ ਨਾ-ਖ਼ੁਦਾਓ ਜਾਗ ਪਓ!!

ਜਾਗੋ ਨਾਨਕ ਦੇ ਵਾਰਸੋ! ਓਇ ਬਾਲਿਓ ਮਰਦਾਨਿਓਂ!!
ਦਸਮੇਸ਼ ਜੀ ਦੇ ਦੂਲਿਓ! ਪ੍ਰਵਾਨਿਓ!! ਦੀਵਾਨਿਓਂ!!!

ਨਲੂਏ ਦੇ ਨਿੱਕੇ ਵੀਰਿਓ! ਤਾਰੂ ਦੀ ਅੱਖ ਦੇ ਤਾਰਿਓ!!
ਬੰਦੇ ਦੇ ਅਣਖੀ ਬੰਦਿਓ! ਸ਼ਰਾਰਿਓ!! ਅੰਗਾਰਿਓ!!!

ਜਾਗੋ ਐ ਕਿਰਤੀ ਕਾਮਿਓਂ! ਜਾਗੋ ਕਿਸਾਨੋ ਜਾਗ ਪਓ!!
ਐ ਬੱਚਿਓ! ਐ ਬੁੱਢਿਓ!! ਐ ਨੌਜਵਾਨੋਂ ਜਾਗ ਪਓ!!!

ਜਾਗੋ ਐ ਕਵੀਓ ਰਹਿਬਰੋ! ਤਕਦੀਰ ਘੜ ਲਓ ਕੌਮ ਦੀ।
ਹੈ ਕੌਮ ਡੁਬਦੀ ਜਾ ਰਹੀ ਤਦਬੀਰ ਕਰ ਲਓ ਕੌਮ ਦੀ।

ਨੀਲੇ ਦੇ ਸ਼ਾਹ ਸਵਾਰ ਨੇ ਜੁ ਬਾਗ ਲਾਇਆ ਸੀ ਕਦੇ।
ਪਾ ਰੱਤ ਆਪਣੇ ਬਾਪ ਦੀ ਪਾਣੀ ਲਗਾਇਆ ਸੀ ਕਦੇ।

ਇਹ ਕੀ ਚੁਫੇਰੇ ਹੋ ਰਿਹੈ? ਕਿ ਚਮਨ ਉਹ ਵੀਰਾਨ ਹੈ।
ਕਲੀਆਂ ਦੇ ਹਾਸੇ ਕਿਰ ਗਏ ਫੁੱਲਾਂ 'ਚੋਂ ਉੱਡੀ ਸ਼ਾਨ ਹੈ।

ਨੇ ਬੁਲਬੁਲਾਂ ਅੱਜ ਰੋਂਦੀਆਂ ਕੋਈ ਗੀਤ ਹੋਠੋਂ ਕਿਰ ਗਿਆ।
ਪਤਝੜ ਦਾ ਹੂੰਝਾ ਫਿਰ ਗਿਆ ਰੰਗਾਂ ਦਾ ਮੌਸਮ ਤੁਰ ਗਿਆ।

ਜਾਂ ਮਹਿਲ ਨੀਹਾਂ ਜਿਸਦੀਆਂ ਵਿੱਚ ਕੁੱਟੀਆਂ ਸਨ ਹੱਡੀਆਂ।
ਗਾਰਾ ਸੀ ਲਾਇਆ ਮਿੱਝ ਦਾ ਤੇ ਸੀਸ-ਇੱਟਾਂ ਗੱਡੀਆਂ।

ਇਸ ਮਹਿਲ ਦੀ ਉਹ ਸ਼ਾਨ ਨਾ ਅਫਸੋਸ ਹੈ ਅਫਸੋਸ ਹੈ!
ਸਾਨੂੰ ਨਾ ਕੋਈ ਹੋਸ਼ ਹੈ! ਸਾਡਾ ਸਾਰਾ ਦੋਸ਼ ਹੈ!!



ਸਿੱਖੀ ਦਾ ਸੋਹਣਾ ਮਹਿਲ ਇਹ ਇਕ ਸਧਰ ਹੈ ਗੋਬਿੰਦ ਦੀ।
ਇਸ ਘਰ ਨੂੰ ਰਲਕੇ ਸਾਂਭ ਲਓ ਜੇ ਕਦਰ ਹੈ ਗੋਬਿੰਦ ਦੀ।

ਗੋਬਿੰਦ ਜਿਸ ਦੀ ਤੇਗ਼ ਨੇ ਸੋਹਣਾ ਸਜਾਇਆ ਖਾਲਸਾ।
ਗਿੱਦੜਾਂ ਨੂੰ ਕੀਤਾ ਸ਼ੇਰ ਤੇ ਲੱਖੀਂ ਲੜਾਇਆ ਖਾਲਸਾ।

"ਅੰਮ੍ਰਿਤ ਦੀ ਦੇ ਕੇ ਦਾਤ ਫਿਰ ਉਹ ਸ਼ਹਿਨਸ਼ਾਹ ਸੀ ਬੋਲਿਆ:
ਹੈ ਗੁਰੂ ਮੇਰਾ ਖਾਲਸਾ ਮੈਂ ਖਾਲਸੇ ਤੋਂ ਘੋਲਿਆ।

ਹੈ ਰੂਪ ਮੇਰਾ ਖਾਲਸਾ ਤੇ ਇਸ 'ਚ ਮੇਰਾ ਵਾਸ ਹੈ।
ਹੈ ਜਾਨ ਮੇਰੀ ਖਾਲਸਾ ਤੇ ਖਾਲਸਾ ਹੀ ਸਾਸ ਹੈ।

ਜਦੋਂ ਤੀਕਰ ਖਾਲਸਾ ਜੱਗ ਤੋਂ ਨਿਆਰਾ ਰਹੇਗਾ।
ਮੈਂ ਤੇਜ ਦਿੰਨਾਂ ਆਪਣਾ ਇਸ ਵਿੱਚ ਹੀ ਸਾਰਾ ਰਹੇਗਾ।

ਪਰ ਜਦ ਇਹ ਮੇਰਾ ਖਾਲਸਾ ਬਿਪਰਨ ਦੀ ਰੀਤ ਫੜੇਗਾ।
ਗੋਬਿੰਦ ਸਿੰਘ ਬੱਸ ਸਮਝ ਲੌ ਪਰਤੀਤ ਪਲ ਨਾ ਕਰੇਗਾ।

ਰਹਿਣੀ 'ਚ ਜਿਹੜਾ ਰਹੇਗਾ ਉਹ ਸਿੱਖ ਮੇਰਾ ਹੋਏਗਾ।
ਗੋਬਿੰਦ ਦਾ ਉਹ ਸਾਹਿਬ ਹੈ ਗੋਬਿੰਦ ਚੇਰਾ ਹੋਏਗਾ।"

ਪਰ ਯਾਦ ਕਰਕੇ ਦੋਸਤੋ ਉਸ ਹੱਕ-ਹੱਕ ਅੰਦੇਸ਼ ਨੂੰ।
ਉਸ ਨਾਸਰੋ-ਮਨਸੂਰ ਨੂੰ ਉਸ ਬਾਦਸ਼ਾਹ—ਦਰਵੇਸ਼ ਨੂੰ।

ਦੱਸੋ ਜੁ ਉਸਨੇ ਸੌਂਪਿਆ ਕਿੰਨਾ ਕੁ ਨਿਭਦਾ ਫਰਜ਼ ਹੈ?
ਉਸ ਸ਼ਹਿਨਸ਼ਾਹ ਦਾ ਸਿਰਾਂ ਤੋਂ ਕਿੰਨਾ ਕੁ ਲੱਥਾ ਕਰਜ਼ ਹੈ?

ਕਿੰਨੇ ਕੁ ਸਾਡੇ ਸੰਗ ਨੇ ਕਿਰਦਾਰ ਉਹ ਗੋਬਿੰਦ ਦੇ?
ਕਿੰਨੇ ਕੁ ਸਾਂਭੇ ਹਨ ਅਸਾਂ ਕੱਕਾਰ ਉਹ ਗੋਬਿੰਦ ਦੇ?

ਹੋ ਜਾਣਦੇ ? ਕਿ ਜ਼ਬਰ ਲਈ ਤਲਵਾਰ ਫੜਦੈ ਖਾਲਸਾ!
ਮਜ਼ਲੂਮ ਦਾ ਪਰ ਯਾਰ ਬਣ ਅੱਗੇ ਹੋ ਲੜਦੈ ਖਾਲਸਾ।

ਵੈਰੀ ਨਾਲ ਦਿਨ ਭਰ ਜੂਝਦੈ ਗੋਬਿੰਦ ਦਾ ਇਹ ਮਨਚਲਾ।
ਅਰਦਾਸ ਵਿੱਚ ਪਰ ਸ਼ਾਮ ਨੂੰ ਉਸਦਾ ਵੀ ਮੰਗਦਾ ਹੈ ਭਲਾ॥

ਪਰ ਖਾਲਸਾ ਜੀ ਦਸਿਓ ਕਿੰਨੀ ਕੁ ਸਾਡੀ ਸ਼ਾਨ ਹੈ ?
ਕਿੰਨਾ ਕੁ ਉਸ ਦਰਬਾਰ ਵਿਚ ਅੱਜ ਖਾਲਸਾ ਪਰਵਾਨ ਹੈ ?

ਬਾਬੇ ਬਕਾਲੇ ਵਾਂਗ ਫਿਰ ਦੰਭੀ ਲਗਾਉਂਦੇ ਮੰਜੀਆਂ।
ਇਸ ਖਾਲਸਾ ਪ੍ਰਵਾਰ ਵਿਚ ਫਿਰ ਪੈ ਗਈਆਂ ਨੇ ਵੰਡੀਆਂ।

ਰਣਜੀਤ ਸੀ ਜੁ ਜਿੱਤਦਾ ਅੱਜ ਜਿੱਤ ਕੇ ਵੀ ਹਾਰਿਐ।
ਤੇ ਖਾਲਸਾ ਦਰਬਾਰ ਨੂੰ ਖ਼ੁਦਗਰਜ਼ੀਆਂ ਨੇ ਮਾਰਿਐ।

ਤਾਂਹੀਓਂ ਦਿਆਲਾ ਦੇਗ਼ 'ਚੋਂ ਹੈ ਤੁਸਾਂ ਨੂੰ ਵੰਗਾਰਦਾ।
ਹੱਸਿਆ ਜੁ ਚੜ੍ਹ ਕੇ ਚਰਖੜੀ ਸ਼ਾਹਬਾਜ਼ ਭੁੱਬਾਂ ਮਾਰਦਾ।

ਜ਼ੋਰਾਵਰ ਤੇ ਫ਼ਤਹ ਨੇ ਲਲਕਾਰਿਐ ਸਰਹੰਦ 'ਚੋਂ।
ਆਵਾਜ਼ ਕੀ ਹੈ ਆ ਰਹੀ ਸੁਣਿਓਂ ਖਾਂ ਖ਼ੂਨੀ ਕੰਧ ਚੋਂ ?

ਅਜੀਤ ਤੇ ਜੁਝਾਰ ਨੇ ਇੱਕ ਘੱਲਿਆ ਪੈਗ਼ਾਮ ਹੈ।
ਇਹ ਹੈ ਮੁਖਾਤਿਬ ਤੁਸਾਂ ਨੂੰ ਇਹ ਖਾਲਸੇ ਦੇ ਨਾਮ ਹੈ।

ਕਿ ਦੀਪ ਸਿੰਘ ਦਾ ਦੀਪ ਇਹ ਅੱਜ ਫੇਰ ਬੁਝਦਾ ਜਾ ਰਿਹੈ।
ਕੁਝ ਰੱਤ ਪਾਵੋ ਆਪਣੀ ਕਿ ਤੇਲ ਮੁੱਕਦਾ ਜਾ ਰਿਹੈ।

ਸ਼ਾਮ ਸਿੰਘ ਦੀ ਕੌਮ ਤੇ ਕੋਈ ਸ਼ਾਮ ਪੈ ਜਾਏ ਕਿਉਂ ਭਲਾ ?
ਸੰਭਲੋ ਨਿਸ਼ਾਨਾਂ ਵਾਲਿਓ! ਆਉਂਦਾ ਹੈ ਕੋਈ ਜ਼ਲਜ਼ਲਾ।



ਜਾਗੋ ਸਰਾਭੇ ਸੁੱਤਿਓ ਜਾਗੋ! ਐ ਊਧਮ ਦੂਲਿਓ!!
ਅੱਜ ਪੰਥ ਢਿੱਲਾ ਹੋ ਰਿਹੈ ਮੁੜ ਕੇ ਜਗਾਇਓ ਫੂਲਿਓ।

ਉਇ ਮਹਾਂ ਸਿੰਘ ਦੇ ਮਹਿਰਮੋ! ਹਾੜਾ ਬੇਦਾਵੇ ਲਿਖੋ ਨਾ।
ਐ ਜ਼ਿੰਦਗੀ ਦੇ ਆਸ਼ਕੋ ਇੰਜ ਮੌਤ ਅੱਗੇ ਝੁਕੋ ਨਾ।

ਹੈ ਕੇਸਗੜ੍ਹ ਦਾ ਵਾਸਤਾ ਸੁਣਿਓ ਐ ਕੇਸਾਂ ਵਾਲਿਓ।
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ! ਸੰਭਾਲਿਓ!!

ਸੌਗੰਧ ਹੈ ਅਜੀਤ ਦੀ ਸੌਗੰਧ ਹੈ ਜੁਝਾਰ ਦੀ।
ਨੀਲੇ ਦੇ ਸ਼ਾਹ-ਸਵਾਰ ਦੀ ਤੇ ਓਸਦੇ ਦਰਬਾਰ ਦੀ।

ਸੌਗੰਧ ਹੈ ਚਮਕੌਰ ਦੀ ਸੌਗੰਧ ਹੈ ਸਰਹੰਦ ਦੀ।
ਸੌਗੰਧ ਹੈ ਜਮਰੌਦ ਦੀ ਸੌਗੰਧ ਹੈ ਆਨੰਦ ਦੀ।

ਸਿੱਖੀ ਹੈ ਮਹਿੰਗੀ ਸੀਸ ਤੋਂ ਸਿਰ ਦੇਣ ਪਹਿਲੋਂ ਜਾਏ ਨਾ।
ਇਹ ਬਾਗ਼ ਹੈ ਗੋਬਿੰਦ ਦਾ ਕੁਮਲਾਏ ਨਾ ਮੁਰਝਾਏ ਨਾ।

ਜੇ ਰਖਣੈਂ ਇਸ ਚਮਨ ਨੂੰ ਇਹ ਪ੍ਰਣ ਕਰੀਏ ਦੋਸਤੋ।
ਜੀਵੀਏ ਇਸ ਚਮਨ ਲਈ ਇਸ ਲਈ ਮਰੀਏ ਦੋਸਤੋ!

❖❖

# ਅੰਮ੍ਰਿਤਸਰ-ਸਿਫ਼ਤੀ ਦਾ ਘਰ

ਹੇ ਅੰਮ੍ਰਿਤਸਰ!
ਸਿਫ਼ਤੀ ਦੇ ਘਰ!!
ਤੈਨੂੰ ਨਮਸਕਾਰ–ਲੱਖ ਵਾਰ!!!

ਧਰਤ ਕਿ ਜਿਸਦੀ ਹਿੱਕੜੀ ਉੱਤੇ
ਦਰਿਆ ਚਲੇ ਰੁਮਕ ਰੁਮਕ ਕੇ।
ਧਰਤ ਕਿ ਜਿਸਦੀ ਗੋਦ 'ਚ ਖੇਡੇ
ਰਿਸ਼ੀ ਮੁਨੀ ਵੀ ਠੁਮਕ ਠੁਮਕ ਕੇ।

ਤੇਰੇ ਵੇਦ–ਗੀਤਾਂ ਨੇ ਦਿੱਤਾ
ਭੱਠ ਤਪਦੀ ਧਰਤੀ ਨੂੰ ਠਾਰ।
ਹੇ......

ਸੂਰਜ ਬੰਸੀ ਰਾਮ ਚੰਦਰ ਨੇ
ਤੈਥੋਂ ਹੀ ਸੁਰਜੀਤੀ ਪਾਈ।
ਰਾਮ ਤੀਰਥ ਬਹਿ ਬਾਲਮੀਕ ਨੇ
ਅਮਰ–ਕਥਾ ਰਾਮਾਇਣ ਬਣਾਈ।

ਬੁਧ ਨਾਨਕ ਦੇ ਚਰਨਾਂ ਦੀ ਛੁਹ
ਦਿੱਤਾ ਤੇਰਾ ਕਣ ਕਣ ਠਾਰ।
ਹੇ.......

ਰਾਮਦਾਸ ਗੁਰ ਦੇ ਮਸਤਕ 'ਚੋਂ
ਰਹਿਮਤ ਦਾ ਮੀਂਹ ਛਮ ਛਮ ਵਰ੍ਹਿਆ।
ਜੰਨਤ ਦਾ ਇਕ ਟੁਕੜਾ ਜਿਸਨੇ
ਧਰਤੀ ਦੇ ਆਂਗਣ ਆ ਧਰਿਆ।

ਅਮਰਦਾਸ ਗੁਰ ਮਸਤਕ ਵਸਦਾ
ਸੁਪਨਾ ਕੀਤਾ ਸੱਚ–ਸਾਕਾਰ।
ਹੇ.......



ਚੱਕ ਗੁਰੂ ਕਾ ਰਾਮਦਾਸ ਪੁਰ
ਫਿਰ ਤੂੰ ਬਣਿਆਂ ਅੰਮ੍ਰਿਤਸਰ ਹੈਂ।
ਤੂੰ ਪਾਵਨ ਤੂੰ ਪਾਕ ਪਵਿੱਤਰ
ਰੱਬ ਦਾ ਦਰ ਹੈਂ! ਰੱਬ ਦਾ ਘਰ ਹੈਂ!!

ਤੇਰੀ ਇੱਕ ਝਲਕ ਦੇ ਸਦਕੇ
ਤੇਰੇ ਜਲਵੇ ਤੋਂ ਬਲਿਹਾਰ।
ਹੇ.......

ਸੋਢੀ ਸਤਿਗੁਰ ਬਾਵਨ ਕਿਰਤੀ
ਧਰਤ ਤੇਰੀ ਤੇ ਆਣ ਵਸਾਏ।
ਹੁਨਰਮੰਦ ਵਿਉਪਾਰੀ ਕਾਮੇ
ਤੇਰੇ ਦਰ ਤੋਂ ਫਿਰ ਵਰੋਸਾਏ।

ਤੇਰੇ ਪੱਲੇ ਰਿਧੀਆਂ ਸਿਧੀਆਂ
ਨੌਂ ਨਿਧੀਆਂ ਦੇ ਭਰੇ ਭੰਡਾਰ।
ਹੇ.......

ਧੰਨ ਧੰਨ ਵਾਹੁ ਰਾਮਦਾਸ ਗੁਰ
ਜਿਸ ਅੰਮ੍ਰਿਤ ਦਾ ਤਾਲ ਖਟਾਇਆ।
ਇਸਦੇ ਅੰਦਰ ਹਰਿ ਦਾ ਮੰਦਰ
ਜਗ ਤਾਰਨ ਸਚਖੰਡ ਬਣਾਇਆ।

ਚਹੁ ਵਰਨਾਂ ਚਹੁੰ ਕੂਟਾਂ ਖਾਤਰ
ਖੁੱਲ੍ਹੇ ਜਿਸਦੇ ਚਾਰ ਦੁਆਰ।
ਹੇ.......

ਉਤਰ ਜਾਣ ਸਭ ਪਾਪ ਕਮਾਤੇ
ਅੰਮ੍ਰਿਤ ਦੇ ਇਸ ਸਰ ਵਿਚ ਨ੍ਹਾਇਆਂ।
ਕਾਂ ਹੰਸਾਂ ਦਾ ਜਾਮਾ ਪਾਉਂਦੇ
ਪਿੰਗਲੇ ਕੰਚਨ ਵਰਗੀ ਕਾਇਆਂ।

ਇਸਦੇ ਜਲ 'ਚੋਂ ਜੀਵਨ ਮਿਲਦਾ
ਮੁਕਤੀ ਦਾ ਮਿਲਦਾ ਇਕਰਾਰ।
ਹੇ.......

ਗੁਰ ਕੀ ਬਾਣੀ ਧੁਰ ਕੀ ਬਾਣੀ
ਹਰਿਮੰਦਰ ਚੋਂ ਚਾਨਣ ਵੰਡੇ।
ਗਿਆਨ ਜੋਤ ਹਰ ਹਿਰਦੇ ਬਾਲੇ
ਧੁੰਦਾਂ ਛੱਟੇ ਨੇਰ੍ਹੇ ਛੰਡੇ।

ਮਾਨਵਤਾ ਦਾ ਰਾਹ ਰੁਸ਼ਨਾਵੇ
ਕਲਮ-ਸੁਨਹਿਰੀ ਦੀ ਲਿਸ਼ਕਾਰ।
ਹੇ.......

ਹਰਗੋਬਿੰਦ ਛਟਮ ਗੁਰ ਭਾਰੇ
ਸੱਚਾ ਤਖਤ ਅਕਾਲ ਬਣਾਇਆ।
ਸ਼ਕਤੀ ਭਗਤੀ ਦਾ ਜੁ ਸੂਚਕ
ਧਰੂ-ਤਾਰਾ ਗੁਰ ਨੇ ਰੁਸ਼ਨਾਇਆ।

ਜਿਸ ਤੋਂ ਚਾਨਣ ਲੈ ਕੇ ਹੁਣ ਤੱਕ
ਕੌਮ ਹੋਏ ਮੰਝਧਾਰੋਂ ਪਾਰ।
ਹੇ.......

ਤੇਰੀ ਧਰਤੀ ਤੇ ਮੁਸਕਾਏ
ਤੇਗ਼ ਬਹਾਦਰ-ਹਿੰਦ ਦੀ ਚਾਦਰ।
ਬਾਬਾ ਬੁੱਢਾ ਜੀ ਨੂੰ ਮਿਲਿਆ
ਤੇਰੀ ਜੂਹ ਚੋਂ ਰੱਜਵਾਂ ਆਦਰ।

ਖੁਸ਼ ਹੁੰਦੀ ਸੀ ਪਰਸ ਪਰਸ ਕੇ
ਦਰ ਤੇਰਾ 'ਸੱਚੀ ਸਰਕਾਰ'!
ਹੇ.......



ਬਾਬਾ 'ਟੱਲ ਅਟੱਲ ਹੈ ਤੇਰਾ
ਛੂੰਹਦਾ ਹੈ ਉਚ-ਅਸਮਾਨਾ।
ਹਰ ਇਕ ਦਿਲ ਨੂੰ ਖਿੱਚਾਂ ਪਾਵੇ
ਮਹਾਂ-ਮੰਦਰ ਤੇਰਾ ਦੁਰਗਿਆਨਾ।

ਮਹਿਮਾ ਤੇਰੀ ਬਰਨ ਨਾ ਸਾਕਉ
ਤੇਰਾ ਰੂਪ ਅਨੂਪ ਅਪਾਰ।
ਹੇ.......

ਲੱਖ ਅਬਦਾਲੀ ਮੱਸੇ ਰੰਘੜ
ਮਿਟ ਗਏ ਤੈਨੂੰ ਕਿਵੇਂ ਮਿਟਾਉਂਦੇ!
ਪਰ ਤੇਰੇ ਸਿੰਘ ਤੇਰੀ ਖਾਤਰ
ਬੰਦ ਬੰਦ ਕੀਕਰ ਰਹੇ ਕਟਾਉਂਦੇ!!

ਦੀਪ ਸਿੰਘ ਜਿਹੇ ਬਿਨਾਂ ਸੀਸ ਤੋਂ
ਆ ਪਹੁੰਚੇ ਤੇਰੇ ਦਰਬਾਰ।
ਹੇ.......

ਤੇਰੇ ਝੰਡੇ ਬੁੰਗੇ ਜੁਗੋ ਜੁਗ
ਚੜ੍ਹਦੀ ਕਲਾ ਦੀ ਹਨ ਨਿਸ਼ਾਨੀ।
ਮੰਦਰ ਮਸਜਿਦ ਗੁਰੂ ਦੁਆਰੇ
ਸਭ ਦੇ ਸਭ ਸੁਰਗਾਂ ਦੇ ਸਾਨੀ।

ਰੰਗੀਂ ਵਸਦੀ ਰਾਮਦਾਸ ਦੀ
ਨਗਰੀ ਸਘਨ ਅਪਾਰ।
ਹੇ.......

ਰਾਮਬਾਗ਼ ਦਾ ਰੁੱਖ ਰੁੱਖ ਦੱਸੇ
ਰੋ ਰੋ ਸਿੱਖ ਰਾਜ ਦੀ ਵਿਥਿਆ।
ਜਲ੍ਹਿਆਂ ਵਾਲੇ ਦੀ ਹਰ ਇੱਟ ਤੇ
ਆਜ਼ਾਦੀ ਦਾ ਸਾਕਾ ਲਿਖਿਆ।

ਗੋਬਿੰਦਗੜ੍ਹ ਭਾਰਤ ਲਈ ਅੱਜ ਵੀ
ਢਾਲ ਅਤੇ ਤਲਵਾਰ।
ਹੇ.......

ਤੇਰੇ ਗਲੀਆਂ ਕੂਚੇ ਕਟੜੇ
ਨਾਵਾਂ ਤੋਂ ਪਏ ਦੇਣ ਗਵ੍ਹਾਈ।
ਹਿੰਦੂ ਮੁਸਲਿਮ ਸਿੱਖ ਇਸਾਈ
ਸਾਰੇ ਹੀ ਹਨ ਭਾਈ ਭਾਈ।

ਤੇਰੇ ਆਪਣੇ ਦਿਲ ਦੇ ਵਾਂਗੂ
ਖੁੱਲ੍ਹਾ ਤੇਰਾ ਹਾਲ ਬਾਜ਼ਾਰ।
ਹੇ.......

ਤੇਰੀ ਧਰਤ ਨੇ ਪੈਦਾ ਕੀਤੇ
ਪਹਿਲਵਾਨ ਯੋਧੇ ਬਲਕਾਰੀ।
ਨੀਤੀਵਾਨ ਹੁਨਰਵਰ ਦਾਤੇ
ਬੜੇ ਖਿਡਾਰੀ ਅਤੇ ਲਿਖਾਰੀ।

ਤੂੰ ਵਿੱਦਿਆ ਦਾ ਰੌਸ਼ਨ ਕੇਂਦਰ
ਤੂੰ ਉਦਯੋਗਾਂ ਦਾ ਸਿਰਦਾਰ।
ਹੇ.......

ਦਰਸ਼ਨ ਕਲਾ ਧਰਮ ਦੇ ਸੰਗਮ
ਤੂੰ ਤਹਿਜ਼ੀਬ ਦੀ ਜਨਮਣ-ਥਾਂ ਹੈਂ।
ਜਗਤ ਜਲੰਦੇ ਨੂੰ ਠਾਰਨ ਲਈ
ਕਲਪ ਬ੍ਰਿਛ ਤੋਂ ਸੰਘਣੀ ਛਾਂ ਹੈਂ।
ਤੇਰੇ ਦਰ ਤੇ ਆ ਕੇ ਝੁਕਦਾ
ਤਾਂਹੀਏਂ ਹੈ ਸਗਲਾ ਸੰਸਾਰ।
ਹੇ.......



# ਗੁਰੂ ਗੋਬਿੰਦ ਸਿੰਘ—ਮਾਰਗ

ਗੁਰੂ ਗੋਬਿੰਦ ਸਿੰਘ!
ਤੇਰੇ ਨਾਂ ਤੇ—
ਮਾਰਗ ਇਕ ਬਣਵਾ ਸਕਦਾ ਹਾਂ।
'ਦੇਹੁ ਸ਼ਿਵਾ ਬਰ ਮੋਹੈ ਇਹੈ' ਵੀ
ਪੱਥਰਾਂ ਤੇ ਉਕਰਾ ਸਕਦਾ ਹਾਂ।
ਇਸ ਤੇ ਤੁਰਨਾ? ਇਹ ਨਾ-ਮੁਮਕਿਨ ਹੈ!
ਕਿਉਂਕਿ ਤੂੰ ਤਾਂ ਸਾਦਾ ਬੋਲੇਂ
ਫਿਰ ਵੀ ਇਉਂ ਵੰਗਾਰ ਬੋਲਦੈਂ
ਹੱਥ ਵਿਚ ਲੈ ਤਲਵਾਰ ਬੋਲਦੈਂ—
"ਜੇ ਤਉ ਪ੍ਰੇਮ ਖੇਲਣ ਦਾ ਚਾਓ
ਸਿਰ ਧਰ ਤਲੀ ਗਲੀ ਮੋਰੀ ਆਓ
ਇਤੁ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣੁ ਨਾ ਕੀਜੈ।"
ਪਰ—
ਮੇਰਾ ਸਿਰ ਮੇਰਾ ਨਹੀਂ ਹੈ
ਇਹ ਮੇਰਾ ਸਿਰ ਤੇਰਾ ਨਹੀਂ ਹੈ!
ਇਹ ਤਾਂ ਮੇਰੇ ਵੋਟਰ ਦਾ ਹੈ
ਵੋਟਰ—ਜੋ ਮੇਰੀ ਪਰਜਾ ਹੈ।
ਜਿਸਦਾ ਮੇਰੇ ਸਿਰ ਕਰਜ਼ਾ ਹੈ।
ਅਜੇ ਤਾਂ ਮੈਂ ਇਹ ਕਰਜ਼ਾ ਲਾਹੁਣੈਂ।
ਇਹ ਸਿਰ ਦੇਣਾ ਦੇਸ਼ ਦੀ ਖਾਤਰ
ਇਹ ਸਿਰ ਮੈਂ ਲੋਕਾਂ ਲਈ ਲਾਉਣੈਂ।

ਮੈਂ ਵਾਕਫ਼ ਹਾਂ—
ਤੂੰ ਸਿਰ ਮੰਗਣੈਂ
ਮੰਗ ਲੀਤਾ ਤਾਂ ਚੀਜ਼ ਬਿਗਾਨੀ
ਸੋਚ ਜ਼ਰਾ ਮੈਂ ਕਿੰਝ ਹਰਾਂਗਾ?
ਮਹਿੰਗਾਈ ਦੇ ਏਸ ਜ਼ਮਾਨੇ
ਭੰਗ ਦੇ ਭਾੜੇ ਨਹੀਂ ਮਰਾਂਗਾ?

ਕੱਲ ਨੂੰ ਫੇਰ ਇਲੈਕਸ਼ਨ ਆਉਣੀ
ਸਿਰ ਮੈਂ ਤੇਰੀ ਭੇਟਾ ਕਰਕੇ
ਵੋਟਰ ਪੈਰੀਂ ਕੀ ਧਰਾਂਗਾ ?

ਮਜ਼ਬੂਰੀ ਹੈ—ਉਂਝ ਸ਼ਰਧਾ ਹੈ।
ਮੈਥੋਂ ਤਾਂ ਬੱਸ ਇਹ ਸਰਦਾ ਹੈ।
ਗੁਰੂ ਗੋਬਿੰਦ ਸਿੰਘ !
ਤੇਰੇ ਨਾਂ ਤੇ—
ਮਾਰਗ ਇਕ ਬਣਵਾ ਸਕਦਾ ਹਾਂ
'ਦੇਹੁ ਸ਼ਿਵਾ ਬਰ ਮੋਹੈ ਇਹੈ' ਵੀ
ਪੱਥਰਾਂ ਤੇ ਉਕਰਾ ਸਕਦਾ ਹਾਂ।

ਤੂੰ ਜੇ ਮੈਨੂੰ ਕੁਰਸੀ ਬਖਸ਼ੀ
ਏਨਾ ਵੀ ਮੈਂ ਕਰ ਨਹੀਂ ਸਕਦਾ ?
ਮਾਫ ਕਰੀਂ ਪਰ ਮੇਰੇ ਪ੍ਰੀਤਮ
ਮੈਂ ਨੇਤਾ ਹਾਂ—
ਮਰਿਆ ਵੀ ਜੁ ਮਰ ਨਹੀਂ ਸਕਦਾ !
ਸੀਸ ਤਲੀ ਤੇ ਧਰ ਨਹੀਂ ਸਕਦਾ !

❖❖



## ਖ਼ਾਲਸੇ ਦਾ ਰਾਜ

**(ਭਾਈ ਬੋਤਾ ਸਿੰਘ—ਗਰਜਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ )**

ਕਹਿਰੀ ਇਕ ਦੁਪਹਿਰ ਨੂੰ ਅੱਗ ਵਰ੍ਹੇ 'ਸਮਾਨੋਂ।
ਹੁੱਸੜ ਗਰਮੀ ਧੁੱਪ ਦਾ ਸੀ ਇਕ ਪਸਾਰਾ।
ਫ਼ਸਲਾਂ ਜੂਹਾਂ ਖੇਤ ਸਨ ਸਭ ਸੁੱਤੇ ਮਾਨੋਂ।
ਚਾਰ-ਚੁਫੇਰੇ ਚੁੱਪ ਦਾ ਸੀ ਅਜਬ ਨਜ਼ਾਰਾ।

ਜੂਹ ਵਿਚ ਵਗਦਾ ਰਾਹ ਸੀ ਇਕ ਚਾਈਂ ਚਾਈਂ।
ਦੋਹੀਂ ਪਾਸੀਂ ਢੱਕ ਤੇ ਲੰਮੀਆਂ ਸਲਵ੍ਹਾੜਾਂ।
ਜੰਡ ਕਰੀਰਾਂ ਬੇਰੀਆਂ ਰੁੱਖ ਅੱਕ-ਪਲਾਹੀਂ।
ਝੁਰਮਟ ਪਾਏ ਝੰਗੀਆਂ ਤੇ ਕਿਧਰੇ ਝਾੜਾਂ।

ਵਾਹੋ-ਦਾਹੀ ਰਾਹ ਤੇ ਦੋ ਰਾਹੀ ਤੁਰਦੇ
ਕਰਦੇ ਜਾਂਦੇ ਆਪ-ਵਿਚ ਉਹ ਗੱਲਾਂ-ਬਾਤਾਂ।
ਗੱਲਾਂ-ਬਾਤਾਂ ਕਰਦਿਆਂ ਹੀ ਪੈਂਡੇ ਖੁਰਦੇ।
ਬਾਤ-ਬਤੌਲੀ ਪਾਉਂਦਿਆਂ ਮੁੱਕ ਜਾਵਣ ਰਾਤਾਂ।

ਇਕ ਦਮ ਖੜ੍ਹ ਕੇ ਦੋਹਾਂ 'ਚੋਂ ਇਕ ਇਉਂ ਅਲਾਇਆ
ਦੇਖੀ ਤੂੰ ਉਸ ਝਾੜ ਵਿਚ ਕੁਝ ਹਿਲ-ਜੁੱਲ ਹੋਈ ?
ਮੇਰੇ ਮਨ ਵਿਚ ਸ਼ੱਕ ਨੇ ਹੈ ਘੇਰਾ ਪਾਇਆ
ਜੇ ਹੋਵੇ ਨਾ ਹੋਵੇ ਤਾਂ ਇਹ ਸਿੱਖ ਸੀ ਕੋਈ।

ਸੁਣ ਕੇ ਦੂਜੇ ਗੱਲ ਨੂੰ ਇਉਂ ਲਾਇਆ ਮੋੜਾ-
ਕਿੰਨੀ ਭੋਲੀ ਗੱਲ ਤੂੰ ਇਹ ਕਹੀ ਅਵੱਲੀ !
ਜੀਹਨੂੰ ਹੋਵੇ ਅਕਲ ਦਾ ਕੋਈ ਆ ਗਿਆ ਤੋੜਾ
ਓਹੀ ਤੇਰੇ ਵਾਂਗਰਾਂ ਇਉਂ ਮਾਰੇ ਝੱਲੀ !!

ਤੈਨੂੰ ਕਦੇ ਪੰਜਾਬ ਵਿਚ ਸਿੱਖ ਨਜ਼ਰੀਂ ਆਇਐ ?
ਸਿੱਖ ਤਾਂ ਸੂਬੇ ਖਾਨ ਨੇ ਹਨ ਚੁਣ ਚੁਣ ਮਾਰੇ।
ਸਿੱਖਾਂ ਦਾ ਤਾਂ ਖਾਨ ਨੇ ਹੈ ਤੁਖਮ ਮੁਕਾਇਆ
ਰਹਿੰਦੇ ਗਏ ਪਹਾੜ ਨੂੰ ਜਾਂ ਲੁਕੇ ਵਿਚਾਰੇ।

ਕੰਨ ਸਿੰਘਾਂ ਦੇ ਪਈ ਜਾਂ ਰਾਹੀਆਂ ਦੀ ਬੋਲੀ
ਫ਼ਰਕ ਪਏ ਸੁਣ ਉਹਨਾਂ ਦੇ ਇਉਂ ਸੱਪ-ਮੁੱਛਹਿਰੇ
ਏਦੂੰ ਸੀਨੇ ਖਾ ਲਈਏ ਨਿਕਲ ਕੇ ਗੋਲੀ।
ਕਲਗੀਧਰ ਜੀ ਪਿਤਾ ਦੇ ਜੇ ਪੁੱਤਰ ਠਹਿਰੇ।

ਬਾਪੂ ਸਾਡੇ ਅਸਾਂ ਲਈ ਸਰਬੰਸ ਲੁਟਾਇਆ
ਲੁਕਦੇ ਫਿਰਦੇ ਅਸੀਂ ਅੱਜ ਇਹ ਜਿੰਦ ਬਚਾਈ।
ਸਿੱਖ ਕੀ ? ਆਇਆ ਜੱਗ ਤੇ ਆਇਆ ਨਾ ਆਇਆ
ਜਿੰਦ ਨਾ ਲੇਖੇ ਪੰਥ ਦੇ ਜਿਸ ਸਿੱਖ ਨੇ ਲਾਈ।

ਉੱਠੇ ਸ਼ੇਰ ਦਹਾੜ ਕੇ ਫਿਰ ਝਾੜਾਂ ਵਿਚੋਂ
ਪ੍ਰੇਮ ਗੁਰਾਂ ਦਾ ਦੋਹਾਂ ਦੇ ਨੈਣਾਂ 'ਚੋਂ ਝਲਕੇ।
ਅੱਜੇ ਮਰੀਏ ਪੰਥ ਲਈ ਸੋਚਿਆ ਇਹ ਚਿੱਤੋਂ
ਊਂ ਵੀ ਤਾਂ ਮਰ ਜਾਵਣੈ ਜੇ ਅੱਜ ਨਹੀਂ ਭਲਕੇ।

ਦੱਸ ਦੇਈਏ ਸਰਕਾਰ ਨੂੰ ਦਿਲ ਪੱਕੀ ਠਾਣੀ
ਸਿੰਘ ਜਿਉਂਦੇ ਜਾਗਦੇ ਸਿੰਘ ਮੂਲ ਨਾ ਮੁੱਕੇ।
ਫੁੱਟੇ ਨਾਨਕ ਚਸ਼ਮਿਓਂ ਜੋ ਸੁੱਚੇ ਪਾਣੀ
ਕਦੇ ਵੀ ਇਹ ਨਾ ਸੁੱਕਣੇ ਇਹ ਕਦੇ ਨਾ ਸੁੱਕੇ।

ਬੋਤਾ ਸਿੰਘ ਦੇ ਹੱਥ ਸੀ ਇਕ ਅਣਘੜ ਸੋਟਾ
ਰਾਹ-ਵੱਟ ਰੱਖ ਇਕ ਬੰਨਿਓਂ ਉਸ ਢਾਕ ਟਿਕਾਇਆ।
ਪੰਥ-ਸੰਦੇਸ਼ਾ ਦੇਣ ਲਈ ਕਰ ਜਿਗਰਾ ਮੋਟਾ
ਗਰਜਾ ਸਿੰਘ ਨੇ ਗਰਜ ਕੇ ਜੈਕਾਰਾ ਲਾਇਆ।

ਕੰਨ ਖੋਲ੍ਹ ਕੇ ਸੁਣ ਲਵੋ ਕੋਈ ਰਹੇ ਨਾ ਝਾਕਾ
ਰਾਜ ਪੰਜਾਬ 'ਚ ਹੋ ਗਿਐ ਸਿੰਘਾਂ ਦਾ ਸਾਰੇ।
ਤਾਹੀਉਂ ਵਿਚ ਸਰਾਏ ਇਹ ਲੱਗਾ ਹੈ ਨਾਕਾ
ਜਿਹੜਾ ਲੰਘੇ ਖਾਲਸੇ ਨੂੰ ਚੂੰਗੀ ਤਾਰੇ !!

ਰਾਜ ਨਹੀਂ ਹੁੰਦਾ ਖਾਨ ਤੋਂ ਸਮਝੋ ਇਹ ਲਾਂਭੇ
ਖਾਨੋ ਭਾਬੀ ਦੱਸਿਓ ਆਖੇ ਸਿੰਘ ਬੋਤਾ।
ਤਾਂਹੀਂ ਕੰਮ ਸਰਕਾਰ ਦੇ ਸਿੰਘਾਂ ਨੇ ਸਾਂਭੇ
ਆਨਾ ਲਾਇਆ ਗੱਡੇ ਨੂੰ ਤੇ ਪੈਸਾ ਖੋਤਾ !



ਰਾਹੀਆਂ ਨੇ ਜਦ ਗੱਲ ਸੁਣੀ ਮੂੰਹੋਂ-ਮੂੰਹ ਚੱਲੀ
ਵਿੰਹਦੇ-ਸੁਣਦੇ ਬਣ ਗਈਆਂ ਖੰਭਾਂ ਦੀਆਂ ਡਾਰਾਂ।
ਸ਼ਹਿਰ ਲਾਹੌਰ 'ਚ ਪੈ ਗਈ ਡਾਢੀ ਤਰਥੱਲੀ
ਸੂਹੀਆਂ ਰਾਹੀਂ ਖਾਨ ਨੂੰ ਪੁੱਜੀਆਂ ਸਭ ਸਾਰਾਂ।

ਨਾਜ਼ਿਮ ਇਕ ਦਮ ਜ਼ਕਰੀਏ ਦਰਬਾਰ 'ਚ ਸੱਦੇ
ਗੁੱਸੇ ਦੇ ਨਾਲ ਕੰਬਦਾ ਜਿਉਂ ਕੰਬੇ ਪਾਰਾ।
ਤੀਰ ਸਿੰਘਾਂ ਦੇ ਆਣ ਜਿਉਂ ਛਾਤੀ ਵਿਚ ਵੱਜੇ
ਸੋਚੇ ਮਾਰ ਮੁਕਾਏ ਕਿੰਜ ਜਿਊਂ ਪਏ ਦੁਬਾਰਾ ?

ਦਿਲ ਧੁੜਕੂ ਮੂੰਹ ਜ਼ਰਦੀਆਂ ਅੱਖੀਂ ਅੰਗਿਆਰੇ
ਪਾਗਲ ਹੋਇਆ ਖਾਨ ਇਉਂ ਤੁਰਕਾਂ ਨੂੰ ਦੱਸੇ।
ਬਾਗੀ ਸਿੱਖੜੇ ਹੋਣਗੇ ਘੋੜੇ-ਘਰਬਾਰੇ
ਜਿਹਨਾਂ ਤੀਰ ਵਿਅੰਗ ਦੇ ਮੇਰੇ ਵੱਲ ਕੱਸੇ।

ਛੇੜੋ ਘੋੜੇ ਸਰਾਏ ਵੱਲ ਤੁਸੀਂ ਕਰੋ ਸ਼ਤਾਬੀ
ਜਿੰਨੇ ਮਿਲਦੇ ਹਨ ਇਨ੍ਹਾਂ ਨੂੰ ਮਾਰ ਮੁਕਾਵੋ।
ਖਾਨੋ ਨੂੰ ਵੀ ਦੱਸਦੇ ਇਹ ਕਾਫ਼ਰ ਭਾਬੀ
ਝੱਲ ਇਹਨਾਂ ਦੇ ਸਿਰਾਂ ਤੋਂ ਜਾਓ ਰਾਜ ਦਾ ਲਾਹਵੋ।

ਗਰਦ ਚੜ੍ਹੀ ਅਸਮਾਨ ਨੂੰ ਕੋਈ ਕਹਿਰ ਹਨੇਰੀ
ਚੜ੍ਹੀਆਂ ਸ਼ਹਿਰ ਲਾਹੌਰ ਨੂੰ ਤੁਰਕਾਂ ਦੀਆਂ ਵਾਹਰਾਂ।
ਧੂੜਾਂ ਪੁੱਟਦੇ ਪਹੁੰਚ ਗਏ ਨਾ ਲਾਈ ਦੇਰੀ
ਮੋਢੇ ਭਾਲੇ ਲਿਸ਼ਕਦੇ ਤੇ ਲੱਕ ਤਲਵਾਰਾਂ।

ਪਹੁੰਚੇ ਜਦੋਂ ਸਰਾਏ ਕੋਲ ਤਾਂ ਹੋਈ ਹੈਰਾਨੀ
ਦੋਇ ਗੁਰੂ ਕੇ ਸਿੰਘ ਕੋਈ ਛਾਉਣੀ ਨਾ ਜੱਥਾ।
ਖਸਤਾ ਹਾਲਤ ਦੇਖ ਹੱਸਣ ਪਏ ਆਨ-ਬਹਾਨੀਂ
ਕਮਲੇ ਕਾਫ਼ਰ ਮੌਤ ਨਾਲ ਕਿੰਜ ਲਾਉਂਦੇ ਮੱਥਾ !!

ਹੱਸਦੇ ਬੋਤਾ ਸਿੰਘ ਨੇ ਤੱਕ ਲਏ ਸਿਪਾਹੀ
ਖੂਨ ਉਸ ਦਾ ਖੌਲਿਆ ਕੀ ਗੁੱਸਾ ਆਇਆ।
ਪਰ ਪਹਿਲੋਂ ਹੀ ਗਰਜਾ ਸਿੰਘ ਫੁਰਤੀ ਵਰਤਾਈ
ਘੋੜੇ ਇਕ ਵੱਲ ਤਾੜ ਦੀ ਉਸ ਸੋਟਾ ਵਾਹਿਆ।

ਹਰਫ਼ਲ ਘੋੜਾ ਭੱਜਿਆ ਗਹਿਰੀ ਸੱਟ ਖਾ ਕੇ
ਹਫਤਾ-ਦਫੜੀ ਪੈ ਗਈ ਦਸਤੇ ਵਿਚ ਸਾਰੇ।
ਘੋੜਿਆਂ ਉੱਤੋਂ ਤਿੰਨ ਜਣੇ ਡਿੱਗ ਪਏ ਘਬਰਾ ਕੇ
ਸੋਟਿਆਂ ਦੇ ਨਾਲ ਫਿਹੁੰ ਫਿਹੁੰ ਸਿੰਘਾਂ ਥਾਂ ਮਾਰੇ!

ਬੱਸ ਫਿਰ ਗੁੱਸਾ ਚੜ੍ਹ ਗਿਆ ਕੋਈ ਡਾਢਾ ਭਾਰਾ
ਆਈ ਨਮੋਸ਼ੀ ਅਤਿ ਦੀ ਦਿਲ ਵਿਚ ਸਿਪਾਹੀਆਂ।
ਦੋ ਹੱਥ ਕਰਨੇ ਬਾਝ ਰਹਿ ਗਿਆ ਕੋਈ ਨਾ ਚਾਰਾ
ਸਿੰਘਾਂ 'ਤੇ ਉਹ ਟੁੱਟ ਪਏ ਸੂਤੀ ਸਰਵਾਹੀਆਂ।

ਸਿੰਘ ਵੀ ਵਾਰ ਸੰਭਾਲਣੋ ਨਾ ਮੂਲੋਂ ਉੱਕੇ
ਪਿਠਾਂ ਦੋਹਾਂ ਜੋੜੀਆਂ ਸੋਟੇ ਬਰਸਾਏ।
ਘੋੜਿਆਂ ਉਤੋਂ ਲਾਹੇ ਕਈ ਜਿਉਂ ਕਿੱਕਰੋਂ ਤੁੱਕੇ
ਕਈਆਂ ਜਾਨ ਬਚਾਉਣ ਲਈ ਘੋੜੇ ਦੌੜਾਏ।

ਗੜਿਆਂ ਵਾਂਗਰ ਸੋਟਿਆਂ ਦਾ ਮੀਂਹ ਵਰ੍ਹਾਇਆ
ਸੋਟਿਆਂ ਦੇ ਨਾਲ ਛਾਂਗੀਆਂ ਬਹੁ-ਬਾਹਵਾਂ ਲੱਤਾਂ।
ਨਾਕੇ ਨੇੜੇ ਘੋੜਿਆਂ ਨੇ ਖੌਰੂ ਪਾਇਆ
ਨਾਕੇ ਨੇੜੇ ਡੁੱਲ੍ਹੀਆਂ ਰੱਤਾਂ ਹੀ ਰੱਤਾਂ।

ਇਉਂ ਘੇਰੇ ਜਦ ਦੁਸ਼ਮਣਾਂ ਚਾਰੇ ਹੀ ਬੰਨੇ
ਖੂੰਡਾ ਇਕ ਕਰਾਰ ਨਾਲ ਬੋਤਾ ਸਿੰਘ ਜੜਿਆ।
ਸੋਟਾ ਹੋਇਆ ਫਾਕੜਾਂ ਵਿਚ ਲੱਗ ਕੇ ਹੰਨੇ
ਡਿੱਗਦੇ ਭੋਇੰ ਸਵਾਰ ਨੇ ਪਰ ਕਲਮਾ ਪੜ੍ਹਿਆ।

ਕਿੰਨਾ ਚਿਰ ਸੀ ਠਹਿਰਨਾ ਅੱਗੇ ਹਥਿਆਰਾਂ?
ਖਾਲੀ ਹੱਥਾਂ ਟਾਕਰਾ ਪਰ ਕੀਤਾ ਸ਼ਾਹੀ।
ਡੇਗਿਆ ਬੋਤਾ ਸਿੰਘ ਨੂੰ ਫਿਰ ਵਰ੍ਹਦੇ ਵਾਰਾਂ
ਗਰਦਨ ਇਕ ਤਲਵਾਰ ਨੇ ਝੱਬ ਉਸ ਦੀ ਲਾਹੀ।



ਖੁੱਲ੍ਹੇ ਜਿਸ ਦੇ ਨੇਤਰੀਂ ਸੁਪਨਾ ਲਟਕੰਦਾ
ਅਟਕੀ ਬੁੱਲ੍ਹੀਂ ਅਜੇ ਵੀ ਇਕ ਬਾਤ ਲਾਸਾਨੀ-
ਸਿਰ ਦੇਹ ਤਖ਼ਤ ਵਿਹਾਝਦਾ ਆਖਰ ਨੂੰ ਬੰਦਾ
ਤਖ਼ਤ ਤਾਜ ਤੇ ਰਾਜ ਹਨ ਮੰਗਦੇ ਕੁਰਬਾਨੀ।

ਗਰਜਾ ਸਿੰਘ ਨੇ ਵੇਖਿਆ ਵਰਤਿਆ ਜਾਂ ਭਾਣਾ
ਰੋਹ ਵਿਚ ਸੁੱਟੇ ਓਸ ਦੇ ਕੋਈ ਝੜੀ ਲਗਾਈ।
ਊਂ ਤਾਂ ਇਸ ਸੰਸਾਰ ਤੋਂ ਹੈ ਸਭ ਨੇ ਜਾਣਾ
ਗਰਜਾ ਸਿੰਘ ਨੇ ਮਰਦਿਆਂ ਵੀ ਰੱਖ ਵਿਖਾਈ।

ਬਰਛੇ ਦੇ ਵਿੱਚ ਸਿੰਨ੍ਹਿਆ ਵੱਢਿਆ ਤਲਵਾਰੀਂ
ਅੱਧੀ ਗਰਦਨ ਨਾਲ ਹੀ ਛੱਡੇ ਜੈਕਾਰੇ।
ਆਖੇ-ਦੱਸ ਦਿਓ ਖਾਨ ਨੂੰ ਜਾ ਕੇ ਦਰਬਾਰੀਂ
ਕੋਈ ਸਾਡੇ ਪੰਜਾਬ ਤੇ ਨਾ ਹੱਕ ਗੁਜ਼ਾਰੇ।

ਇਹ ਧਰਤ ਬਣੀ ਆਨੰਦਪੁਰੀ ਗੁਰ-ਨੂਰੀ ਹੜ੍ਹ ਕੇ
ਇਹ ਧਰਤੀ ਹੈ ਖਾਲਸਾ ਇਹ ਸਿੱਖਾਂ ਕੇਰੀ।
ਪੁਰਜ਼ਾ ਪੁਰਜ਼ਾ ਕੱਟਣਗੇ ਸਿੱਖ ਇਸ ਲਈ ਲੜ ਕੇ
ਇਸ ਤੇ ਚੜ੍ਹਿਆ ਹੋਏਗਾ ਮਿੱਟੀ ਦੀ ਢੇਰੀ।

ਜਦ ਵੀ ਕਦੇ ਪੰਜਾਬ ਨੂੰ ਵਾਅ ਲੱਗੀ ਤੱਤੀ
ਜਦ ਵੀ ਹੋਏ ਪੰਥ 'ਤੇ ਦੁਸ਼ਮਣ ਦੇ ਹੱਲੇ।
ਰਾਜ ਲੈਣ ਲਈ ਪਾਉਣਗੇ ਇੱਕੀ ਦੀ 'ਕੱਤੀ
ਸਵਾ ਲੱਖ ਨਾਲ ਲੜਨਗੇ ਸਿੰਘ 'ਕੱਲੇ 'ਕੱਲੇ।

# ਵਿਸਾਖੀ

ਅੱਜ ਵਈ ਵਿਸਾਖੀ ਐ!
ਹਾਂ! ਅੱਜ ਜੀ ਵਿਸਾਖੀ ਐ!!

ਸੋਹਣੇ ਸੋਹਣੇ ਸੋਹਣ ਸਿੰਘਾ
ਸੋਹਣੇ ਸੋਹਣੇ ਮੁੱਖ ਵਿੱਚੋਂ
ਕਿੰਨੀ ਸੋਹਣੀ ਆਖੀ ਐ!!!

ਅੱਜ ਵਈ ਵਿਸਾਖੀ ਐ?
ਹਾਂ! ਅੱਜ ਜੀ ਵਿਸਾਖੀ ਐ!!

ਚੋਬਰਾਂ ਨੇ ਲੀੜਾ-ਲੱਤਾ
ਰੂਹ ਨਾ' ਬਣਾਇਆ ਹੋਇਆ।
ਖਿੱਚੀਆਂ ਨੇ ਟੌਹਰਾਂ
ਬੜੀ ਰੀਝ ਨਾਲ ਪਾਇਆ ਹੋਇਆ।

ਗਹਿਣੇ-ਗੱਟੇ ਸੋਹਣੀਆਂ ਨੇ
ਅੰਗੋ-ਅੰਗ ਪਾਏ ਨੇ।
ਮਨ-ਮੋਹਣੇ ਮੋਹਣੀਆਂ ਨੇ
ਫੰਧ੍ਹ ਕੀ ਬਣਾਏ ਨੇ।

ਮੇਲੇ ਦੀ ਤਿਆਰੀ 'ਚ
ਸਰੂਰ ਜਿਹਾ ਛਾਇਆ ਏ।
ਨਵਾਂ ਸੂਟ ਤਾਏ ਨੇ
ਸੁਆ ਕੇ ਤਾਜ਼ਾ ਪਾਇਆ ਏ।

ਬਾਬਾ ਜੀ ਨੇ ਭਾਵੇਂ ਹੁਣ
ਮੇਲੇ ਨਹੀਓਂ ਜਾਵਣਾ।
ਏਨਾ ਗਿਆ-ਗੁਜ਼ਰਿਆ ਨਹੀਂ
ਦਿਨ ਨਹੀਂ ਮਨਾਵਣਾ!



ਆਖਿਆ ਪੁੱਤਾਂ ਨੂੰ-ਸਾਊ!
ਮੇਲੇ ਤੁਸੀਂ ਜਾ ਆਓ।
ਵੇਖ ਆਵੋ ਮੇਲਾ
ਤੇ ਜੁਆਕਾਂ ਨੂੰ ਵਿਖਾ ਆਓ।

ਡੰਗਰਾਂ ਨੂੰ ਜਾਣੋਂ ਪਹਿਲਾਂ
ਪੱਠਾ-ਦੱਥਾ ਪਾ ਜਾਇਓ।
ਬੰਨ੍ਹ ਕੇ ਤੇ ਨਿੰਮ ਥੱਲੇ
ਪਾਣੀ ਵੀ ਵਖਾ ਜਾਇਓ।

ਵਹੁਟੀਆਂ ਨੂੰ ਕਿਹਾ—
ਵੰਡ ਮੱਝਾਂ ਨੂੰ ਰਲ਼ਾ ਜਿਓ।
ਮੇਰੇ ਲਈ ਛੰਨਾ ਭਾਈ
ਖੀਰ ਦਾ ਬਣਾ ਜਿਓ।

ਔਹਨੂੰ ਚੰਗੂ ਬੰਨ੍ਹ ਜਾਇਓ
ਖੂੰਡਾ ਨਾ ਤੁੜਾਵੇ ਕਿਤੇ
ਬੂਰੀ ਨਾਲ ਬੈਠੀ ਜਿਹੜੀ
ਭੈਂਗੀ ਜਿਹੀ ਲਾਖੀ ਐ!
ਮੈਂ ਤਾਂ ਏਹੀ ਆਖਣਾ ਸੀ
ਮੇਲਾ-ਗੇਲਾ ਵੇਖ ਆਵੋ
ਰਤਨੇ ਨੇ ਦੱਸਿਆ ਸੀ
ਅੱਜ ਵਈ ਵਿਸਾਖੀ ਐ!!
ਆਹੋ ਵਈ ਵਿਸਾਖੀ ਐ!!!

ਜਾਗਰ ਨੇ ਨਾਰਾ ਮੀਣਾ
ਪੁੱਜ ਕੇ ਸ਼ਿੰਗਾਰੇ ਨੇ!
ਪਾਈਆਂ ਘੁੰਗਰਾਲਾਂ
ਸਿੰਗ ਚੋਪੜੇ ਸ਼ਿੰਗਾਰੇ ਨੇ।

ਝੰਗੀਆਂ ਦੇ ਉੱਤੇ ਸ਼ੀਸ਼ੇ
ਕਿੰਨੇ ਸੋਹਣੇ ਲੱਗਦੇ....।
ਲੋਗੜੀ ਦੇ ਫੁੱਲ ਕਿਵੇਂ
ਝਾਲਰਾਂ ਨਾ' ਸੱਜਦੇ।

ਗੱਡੀਆਂ ਦੀ ਦੌੜ ਹੋਣੀ
ਮੇਲਾ ਮਸਾਂ ਆਇਆ ਏ।
ਜਾਗਰ ਦਾ ਚਿੱਤ
ਬਿਨ-ਪੀਤੇ ਨਸ਼ਿਆਇਆ ਏ।

ਨਾਰੇ ਮੀਣੇ ਉੱਡਣਾ ਹੈ
ਤੀਰ ਜਿਉਂ ਕਮਾਨ ਚੋਂ।
ਪਟਕਾ ਤੇ ਝੰਡੀ ਅੱਜ
ਲੈਣੇ ਨੇ ਮੈਦਾਨ 'ਚੋਂ।

ਘਿਉ-ਨਾਲਾਂ ਦਿੱਤੀਆਂ
ਤੇ ਚਾਰੀਆਂ ਨਿਹਾਰੀਆਂ।
ਨਾਰੇ ਮੀਣੇ ਦੇਣੀਆਂ ਨੇ
ਸਿਰ ਆਈਆਂ ਵਾਰੀਆਂ।

ਜਾਗਰ ਨੂੰ ਏਹੇ ਪੁੱਤ
ਜਾਨ ਤੋਂ ਪਿਆਰੇ ਨੇ।
ਮੇਲੇ ਵਾਲੀ ਝੀਲ
ਬਣ ਸ਼ੂਕਦੇ ਸ਼ਿਕਾਰੇ ਨੇ।

ਸ਼ੌਂਕੀਆਂ ਵੀ ਵੇਖ ਵੇਖ
ਲੁੱਟਣੇ ਨਜ਼ਾਰੇ ਨੇ।
ਜਿੱਤਣਾ ਹੀ ਜਿੱਤਣਾ
ਇਹ ਅੱਗੇ ਕਿਤੇ ਹਾਰੇ ਨੇ?



ਸੇਰ ਲਹੂ ਵਧ ਜਾਣਾ
ਗ਼ਜ਼ ਚੌੜੀ ਹਿੱਕ ਹੋਣੀ
ਜਾਗਰ ਦੇ ਬਾਰੇ ਜਿਹੜੀ
ਗੱਲ ਲੋਕਾਂ ਭਾਖੀ ਐ?
ਚਾਅ ਕਿੰਨਾ ਮੇਲੇ ਵਾਲਾ
ਪਿੰਡ 'ਚੋਂ ਮੁੰਢੀਰ ਭੱਜੀ
ਰਾਹ 'ਚ ਕਿਵੇਂ ਕੂਕੀ ਜਾਵੇ—
ਅੱਜ ਵਈ ਵਿਸਾਖੀ ਐ!!
ਓ ਅੱਜ ਵਈ ਵਿਸਾਖੀ ਐ!!!

ਗੱਤਕੇ ਦੇ ਪੈਂਤਰੇ ਤੇ
ਛਾਲਾਂ ਘੋਲ ਹੋਣੇ ਨੇ।
ਬੋਰੀ ਕੌਡੀ ਦੌੜਾਂ
ਹੋਰ ਸੈਅ ਕਲੋਲ ਹੋਣੇ ਨੇ।

ਮੋਢੇ ਨਾਲ, ਮੋਢਾ ਮੇਲੇ
ਸੱਜਣਾਂ ਨਾ' ਵੱਜਣਾ।
ਵੇਖ ਵੇਖ ਸੱਜਣਾਂ ਨੂੰ
ਅੱਖੀਆਂ ਨਾ ਰੱਜਣਾ।

ਭੀੜ 'ਚ ਅਹੁ ਹੱਥਾਂ 'ਚੋਂ
ਰੁਮਾਲ ਵੱਟੇ ਗਏ ਨੇ।
ਕਦੋਂ ਦੇ ਸੀ ਬਚਦੇ ਜੋ
ਮੇਲੇ ਪੱਟੇ ਗਏ ਨੇ।

ਚਾਹ ਕੇ ਕਿਸੇ ਤੱਤੀਆਂ
ਜਲੇਬੀਆਂ ਕਢਾਈਆਂ ਨੇ।
ਪੂਰ ਹੀ ਪਕੌੜਿਆਂ ਦਾ
ਮਾਂਜਤਾ ਦੋਂਹ ਬਾਈਆਂ ਨੇ।

ਉੱਡ ਪਏ ਚਿੰਡੋਲਾਂ ਉੱਤੇ
ਚੁੰਨੀਆਂ ਗਰਾਰੇ ਨੇ।
ਆਸ਼ਕ ਵੀ ਹੇਠਾਂ ਖੜ੍ਹੇ
ਕਰਦੇ ਇਸ਼ਾਰੇ ਨੇ।

ਮੇਲੇ ਉੱਤੇ ਸ਼ਰ੍ਹੇਆਮ
ਦੇਸੀ ਦਾਰੂ ਬੁੱਕਦੀ।
ਪੁਲਸ ਤੋਂ ਬਿਫ਼ਰੀ
ਜਵਾਨੀ ਕਿੱਥੇ ਝੁੱਕਦੀ।

ਫਿਰਦੀਆਂ ਟੋਲੀਆਂ ਨੇ
ਬੱਕਰੇ ਬੁਲਾਉਂਦੀਆਂ।
ਨੈਣਾਂ ਵਾਲੇ ਹੱਥਾਂ ਵਾਲੇ
ਪੇਚੇ ਕਿਵੇਂ ਪਾਉਂਦੀਆਂ।

ਅੰਞਾਣਿਆਂ ਵੀ ਡੰਝ ਲਾਹੀ
ਜੇਬਾਂ ਜਦੋਂ ਹੋਈਆਂ ਖਾਲੀ
ਚਿੱਤ ਲਾਉਣ ਟਿੱਬੇ ਛੋਹੀ
ਕੋਟਲਾ-ਛਪਾਕੀ ਐ!
ਮੁੜ ਆਇਆ ਬਚਪਨਾ
ਜੁਆਨੀ ਹਾਏ ਚੇਤੇ ਆਈ
ਜਦੋਂ ਪਤਾ ਲੱਗਿਆ ਕਿ
ਅੱਜ ਜੀ ਵਿਸਾਖੀ ਐ!!
ਹਾਂ ਵਈ ਵਿਸਾਖੀ ਐ!!!

ਵਿੱਝੜ ਗਿਆ ਮੇਲਾ
ਲੋਕੀ ਘਰਾਂ ਨੂੰ ਨੇ ਆਂਵਦੇ।
ਥੱਕੇ ਥੱਕੇ ਪੈਰਾਂ ਸੰਗ।
ਵਾਟ ਨੇ ਮੁਕਾਂਵਦੇ।



ਖੁਸ਼ੀ ਖੁਸ਼ੀ ਰਾਹ 'ਚ
ਖੁੱਲ੍ਹੇ ਬੋਤਲਾਂ ਦੇ ਡੱਟ ਨੇ।
ਜੱਟ ਬਣੇ ਦੋ
ਇੱਕ ਦੂਜੇ ਤੋਂ ਨਾ ਘੱਟ ਨੇ।

ਵਿੰਹਦਿਆਂ ਹੀ ਵਿੰਹਦਿਆਂ
ਕੀ ਵਾਰਦਾਤ ਹੋਈ ਏ।
ਚੀਕਾਂ ਲਲਕਾਰਿਆਂ ਨੇ
ਚੱਕੀ ਕੋਈ ਝੋਈ ਏ।

ਡਾਂਗ ਤੇ ਗੰਡਾਸੀ ਸੰਦੀ
ਖੁੱਲ੍ਹੀ ਖੇਡ ਚੱਲੀ ਏ।
ਕਣਕਾਂ ਨੇ ਦਹਿਲੀਆਂ
ਤੇ ਦੜੀ ਹਰ ਬੱਲੀ ਏ।

ਲਹੂ ਦੀਆਂ ਰੇਤਾ ਵਿਚ,
ਵੱਗੀਆਂ ਤੜ੍ਹੀਰੀਆਂ।
ਚੱਟੀਆਂ ਸ਼ਰਾਬ ਸਭ
ਸ਼ੀਰੀਆਂ ਸਕੀਰੀਆਂ।

ਰੋਂਵਦੇ ਸੁਹਾਗ ਭੈਣਾਂ
ਰੋਂਦੇ ਪਏ ਵੀਰ ਨੇ।
ਮਾਪੇ ਅਤੇ ਬੱਚੇ
ਮੂਲ ਧਰਦੇ ਨਾ ਧੀਰ ਨੇ।

ਸਰ੍ਹਵਾਂ ਤੇ ਛਾ ਗਏ
ਹਨੇਰੇ ਲੱਖ ਸੋਗ ਦੇ।
ਥੰਮ੍ਹਦੇ ਨਾ ਨੀਰ ਵੇਖੋ
ਕਿੱਲੇ ਬੱਧੀ ਜੋਗ ਦੇ।

ਗੱਲ ਵਧਗੀ ਬਤੈਤ
ਪਰ੍ਹੇ ਲੱਗੀ ਜਾਂ ਪਚੈਤ
ਫੇਰ ਬੁੱਧ ਸਿਹੁੰ ਨਿਹੰਗ ਨੇ
ਸੁਣਾਈ ਆਣ ਸਾਖੀ ਐ!
ਅਸੀਂ ਖਾਲਸਾ ਜੀ! ਰੋਕੇ
ਅਸੀਂ ਕਿੰਨੀ ਵਾਰੀ ਟੋਕੇ
ਤੁਸੀਂ ਮੋੜੇ ਕਦੇ ਮੁੜੇ?
ਥੋਡੀ ਆਹਾ ਈ ਵਿਸਾਖੀ ਐ?
ਹਲਾ ਵਈ! ਵਿਸਾਖੀ ਐ?

ਭੁੱਲੇ ਹੋਏ ਖਾਲਸਾ ਜੀ
ਪਿੱਛਾ ਈ ਭੁਲਾਇਆ ਹੈ।
ਅਸਲੀ ਤਿਹਾਰ ਦਾ ਤਾਂ
ਚੇਤਾ ਹੀ ਨਾ' ਆਇਆ ਹੈ।

ਯਾਦ ਥੋਨੂੰ? ਪਿਤਾ ਜਦੋਂ
ਸੱਦੇ ਭਿਜਵਾਏ ਸੀ।
ਪ੍ਰੇਮ ਨਾਲ ਪਿਆਰੇ
ਦੂਰ ਦੂਰ ਤੋਂ ਬੁਲਾਏ ਸੀ।

ਕੱਢ ਕਿਰਪਾਨ ਫੇਰ
ਇੰਵੇਂ ਸੀ ਵੰਗਾਰਿਆ—
'ਆਵੋ ਜੀਹਨੇ ਸੀਸ ਦੇਣਾ'
ਰੋਹ ਨਾ ਪੁਕਾਰਿਆ।

ਨਾਈ ਛੀਂਬਾ ਝਿਉਰ
ਫੇਰ ਜੋ ਵੀ ਸਾਂਹਵੇਂ ਆ ਗਿਆ।
ਖੱਤਰੀ ਜਾਂ ਜੱਟ
ਸੀਸ ਦੇ ਕੇ ਸਿੱਖੀ ਪਾ ਗਿਆ।



ਅੰਮ੍ਰਿਤ ਇੱਕੋ ਬਾਟੇ ਵਿਚੋਂ
ਸਭ ਨੂੰ ਛਕਾਇਆ ਸੀ।
ਗੁਰੂ ਕੀਤਾ ਪੰਥ ਨੂੰ
ਤੇ ਚੇਲਾ ਅਖਵਾਇਆ ਸੀ।

ਸੰਦੇਸ਼ ਓਸ ਪਿਤਾ ਦਾ
ਤੂੰ ਭੁੱਲ ਗਿਐਂ ਖਾਲਸਾ।
ਗ਼ੈਰ-ਪੈਰੀਂ, ਤਦੇ ਹੀ ਤਾਂ
ਰੁਲ਼ ਰਿਹੈ ਖਾਲਸਾ।

ਕੌਮ ਨੂੰ ਹੈ ਲੱਗ ਗਈ
ਚੌਧਰ—ਸਿਉਂਕ ਉਏ।
ਸ਼ਾਨ ਰਹਿਜੇ ਪੰਥ ਦੀ
ਕੋਈ ਸੋਚ ਲਾ ਵਿਉਂਤ ਉਏ।

ਭੁੱਲ ਪ੍ਰੇਮ ਦੀ ਨਾ ਤਾਨ
ਨਾ ਓਏ ਛੱਡ ਕਿਰਪਾਨ
ਕਰੇ ਜ਼ੁਲਮ ਦਾ ਜੁ ਨਾਸ
ਮਜ਼ਲੂਮ ਵਾਲੀ ਰਾਖੀ ਐ!
ਆਹਾ ਸੀ ਸੁਨੇਹਾ ਦੇਣਾ
ਗੁੱਝਾ ਪ੍ਰਤੱਖ ਜਾਣ
ਰੰਗਲਾ ਤਿਉਹਾਰ ਕਿੰਨਾ
ਨੂਰੀ ਅਤੇ ਖ਼ਾਕੀ ਐ!!
ਅੱਜ ਓਹ ਵਿਸਾਖੀ ਐ!!!
ਹਾਂ ਅੱਜ ਜੀ ਵਿਸਾਖੀ ਐ!

## ਚਾਨਣ ਦੇ ਵਣਜਾਰੇ

**(ਉਹਨਾਂ ਸੂਰਮੇ ਸਿੰਘ-ਸਰਦਾਰਾਂ ਦੇ ਨਾਂ ਜੋ 1978 ਦੀ ਵਿਸਾਖੀ ਨੂੰ ਧਰਤ ਹੇਤ ਸ਼ਹਾਦਤ ਦਾ ਜਾਮ ਪੀ ਗਏ!)**

ਕੋਈ ਵਿਸਾਖੀ ਇੰਜ ਵੀ ਸਿਰ ਤੋਂ ਲੰਘੀ ਹੈ!
ਨਾਲ ਖੂਨ ਦੇ ਧਰਤ ਅਸਾਂ ਨੇ ਰੰਗੀ ਹੈ!!

ਇਕ ਵਿਸਾਖੀ ਆਨੰਦਪੁਰ ਸੀ ਜਾਗਿਆ।
ਕਿੰਨੀਆਂ ਪੀੜਾਂ ਨੂੰ ਸੀ ਸਿਰ ਤੇ ਝਾਗਿਆ!
ਇਕ ਵਿਸਾਖੀ ਜਲ੍ਹਿਆਂ ਵਾਲਾ ਰੋਇਆ ਸੀ।
ਇਸ ਸਾਕੇ 'ਚੋਂ ਵੀ ਪਰ ਚਾਨਣ ਹੋਇਆ ਸੀ।

ਹੁਣ ਇਕ ਫੇਰ ਵਿਸਾਖੀ ਤੇ ਰੱਤ ਡੁੱਲ੍ਹੀ ਹੈ।
ਅੰਮ੍ਰਿਤਸਰ ਤੇ ਇਕ ਹਨੇਰੀ ਝੁੱਲੀ ਹੈ।
ਸਦਾ ਹਨੇਰੇ ਆਉਂਦੇ, ਅੱਜ ਵੀ ਆਏ ਹਨ।
ਕਦੇ ਇਹਨਾਂ ਤੋਂ ਪਰ ਸੂਰਜ ਘਬਰਾਏ ਹਨ?

ਅੰਮ੍ਰਿਤਸਰ ਦੀਏ ਜੂਹੇ ਅਸੀਂ ਜਿਉਂਦੇ ਹਾਂ!
ਆਨੰਦਪੁਰ ਦੀਏ ਰੂਹੇ ਅਸੀਂ ਜਿਉਂਦੇ ਹਾਂ!!
ਏਸ ਵਿਸਾਖੀ ਸਾਨੂੰ ਫੇਰ ਜਗਾਇਆ ਹੈ।
ਸਾਨੂੰ ਫਿਰ ਕੋਈ ਨ੍ਹੇਰਾ ਪਰਖਣ ਆਇਆ ਹੈ।

ਨ੍ਹੇਰੇ ਵਿਚ ਕੁਝ ਸੂਰਜ ਚਾਨਣ ਕਰੀ ਗਏ।
ਹੱਸਦੇ ਕਾਲਖ ਦੇ ਸਾਗਰ ਨੂੰ ਤਰੀ ਗਏ।
ਨ੍ਹੇਰੇ ਦਾ ਕੋਈ ਸਿਤਮ ਸਿਰਾਂ ਤੇ ਜਰੀ ਗਏ।
ਸੱਚ ਦੀ ਖਾਤਰ ਸੂਲੀ ਚੜ੍ਹ-ਚੜ੍ਹ ਮਰੀ ਗਏ!!

ਇਹ ਸੂਰਜ ਜੋ ਛਿਪੇ, ਛਿਪੇ ਗੁਰੂ-ਗਰੰਥ ਲਈ!
ਇਹ ਸੂਰਜ ਜੋ ਠਰੇ, ਠਰੇ ਇਕ ਪੰਥ ਲਈ!!

ਅੱਜ ਦੇ ਦਿਨ ਇਕ ਪ੍ਰਣ ਅਸਾਂ ਨੇ ਕਰਨਾ ਹੈ।
ਗ੍ਰੰਥ-ਪੰਥ ਲਈ ਜੀਣਾ ਇਸ ਲਈ ਮਰਨਾ ਹੈ।
ਜਦ ਵੀ ਆਏ ਹਨੇਰਾ ਅਸੀਂ ਨਿਤਰਨਾ ਹੈ!
ਕੌਮ ਦੀਆਂ ਜੂਹਾਂ ਚਾਨਣ ਕਰਨਾ ਹੈ!!



## ਸਾਕਾ ਸ੍ਰੀ ਅਕਾਲ ਤਖ਼ਤ ਸਾਹਿਬ

**ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਜੂਝਦੇ ਸਿਰਲੱਥ ਯੋਧਿਆਂ ਦੇ ਨਾਂ!**

ਖਾਲਸਾ ਕਿਸੇ ਧਰਮ, ਫ਼ਿਰਕੇ ਜਾਂ ਕੌਮ ਦੇ ਖ਼ਿਲਾਫ਼ ਹਰਗਿਜ਼ ਨਹੀਂ। ਕਲਗੀਧਰ ਪਿਤਾ ਜੀ ਅਨੁਸਾਰ ਇਸ ਦੀ ਸੁੱਚੀ ਰਵਾਇਤ ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਨੂੰ ਸੰਘਾਰਨਾ ਹੈ। ਮਜ਼ਲੂਮਾਂ ਦੀ ਬਾਂਹ ਫੜਨ ਤੇ ਜ਼ਾਲਮਾਂ ਨੂੰ ਘੜਨ ਲਈ ਖਾਲਸਾ ਸਦਾ ਮੈਦਾਨ ਵਿੱਚ ਨਿਤਰਿਆ ਹੈ। ਅਣਖ ਨਾਲ ਜਿਉਣਾ, ਆਪਣੀ ਤੇ ਹੋਰਨਾਂ ਦੀ ਪੱਤ ਬਚਾਉਣਾ ਖਾਲਸੇ ਦਾ ਧਰਮ ਰਿਹਾ ਹੈ :-

ਜੰਮਿਆ ਹੈ ਖਾਲਸਾ ਖੰਡੇ ਦੀ ਧਾਰ 'ਚੋਂ।
ਜ਼ੁਲਮ ਮਿਟਾਉਣਾ ਜੀਹਨੇ ਸੰਸਾਰ 'ਚੋਂ।
ਗਾਤਰੇ 'ਚ ਤਾਹੀਏਂ ਤਲਵਾਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!
ਰੰਬੀਆਂ ਦੇ ਨਾਲ ਖੋਪਰ ਲੁਹਾ ਲਵੇ,
ਬੰਦ ਬੰਦ ਤਾਈਂ ਹੱਸ ਕੇ ਕਟਾ ਲਵੇ।
ਜਿਉਂਦੇ ਤਾਹੀਏਂ ਮੌਤ ਨਾ' ਪਿਆਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!
ਆਰੇ ਨਾਲ ਚੀਰ ਕੇ ਨਾ ਸੀ ਬੋਲਦਾ।
ਮੁੱਲ ਪੈਣ ਸਿਰਾਂ ਦੇ ਨਾ ਫੇਰ ਡੋਲਦਾ!!
ਘੋੜੇ ਕਾਠੀਆਂ ਤੇ ਘਰ ਬਾਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!
ਕਦੇ ਮਜ਼ਲੂਮ ਤੇ ਇਹ ਕਰੇ ਵਾਰ ਨਾ।
ਅੱਤ ਹੋਏ ਬਿਨਾਂ ਚੁੱਕੇ ਹਥਿਆਰ ਨਾ॥
ਚੁੱਕ ਲਏ ਤਾਂ ਥਾਏਂ ਹੀ ਸ਼ਿਕਾਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!
ਜ਼ਾਲਮਾਂ ਨੇ ਕੱਲ੍ਹ ਵੱਢਿਆ ਜੇ ਟੁਕਿਆ,
ਦੂਣਾ ਚੌਣਾ ਅੱਜ ਛਾਤੀ ਚੜ੍ਹ ਬੁਕਿਆ।
ਛੁਹਲੇ ਹੱਥੀਂ ਕਿਸ਼ਤਾਂ ਉਤਾਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!
ਅਟਕੇ ਅਟਕ ਕਾਫ਼ਲਾ ਨਾ ਰੁਕਦਾ।
ਝੁਕਦੇ ਝੱਖੜ ਪਰ ਇਹ ਨਾ ਝੁਕਦਾ॥

ਮਾਰ ਲੈਂਦਾ ਮੰਜ਼ਲਾਂ ਜੁ ਧਾਰ ਰੱਖਦਾ!
ਖਾਲਸਾ ਨਾ ਕਦੇ ਵੀ ਉਧਾਰ ਰੱਖਦਾ!!

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਲਈ ਮੀਰੀ-ਪੀਰੀ ਦਾ ਮੁਜੱਸਮਾ, ਭਗਤੀ-ਸ਼ਕਤੀ ਦਾ ਸੰਗਮ ਅਤੇ ਧਰਮ ਤੇ ਸਿਆਸਤ ਦਾ ਸੁਮੇਲ ਹੈ। ਜਿਸਨੇ ਸਦਾ ਜ਼ਾਲਮਾਂ ਨੂੰ ਵੰਗਾਰਿਆ ਤੇ ਮਜ਼ਲੂਮਾਂ ਨੂੰ ਪਿਆਰਿਆ ਹੈ। ਇਸ ਉੱਤੇ ਭਾਵੇਂ ਕਦੇ ਕੋਈ ਮੁਖ਼ਲਿਸ ਖਾਨ ਚੜ੍ਹਿਆ ਹੈ ਜਾਂ ਮੱਸਾ ਰੰਘੜ, ਮੀਰ ਮੰਨੂੰ ਜਾਂ ਜਹਾਨ ਖਾਨ, ਅਹਿਮਦ ਸ਼ਾਹ ਅਬਦਾਲੀ ਜਾਂ ਸ਼ਾਹ ਜਮਾਨ ਖਾਲਸੇ ਦੀ ਤੇਗ਼ ਨੇ ਸਭਨਾਂ ਹਮਲਾਵਰਾਂ ਦੀ ਧੌਣ ਝੁਕਾਈ ਹੈ :—

ਸਾਡਾ ਤਖ਼ਤ ਅਕਾਲ! ਵੇਖੋ ਕਿੰਨੀ ਰੀਝ ਨਾਲ!!
ਛੇਵੇਂ ਗੁਰਾਂ ਹੱਥੀਂ ਆਪ ਇਹ ਬਣਾਇਆ ਹੈ!
ਸਦਾ ਚਾਨਣਾ ਹੀ ਵੰਡੂ! ਧੁੰਦ ਜ਼ੁਲਮਾਂ ਦੀ ਛੰਡੂ,
ਮੁੱਖੋਂ ਆਪਣੇ ਇਹ ਸਾਹਿਬਾਂ ਫੁਰਮਾਇਆ ਹੈ!!
ਸੋਹਣੇ ਸੀਸ ਉੱਤੇ ਗਾਰਾ ਗੁਰੂ ਢੋਂਵਦੇ।
ਇੱਟਾਂ ਲਾ ਲਾ ਬਾਬਾ ਬੁੱਢਾ ਖੁਸ਼ ਹੋਂਵਦੇ।
ਭਾਈ ਗੁਰਦਾਸ ਆ ਕੇ, ਹੱਥ ਗੁਰਾਂ ਦਾ ਵਟਾ ਕੇ,
ਆਪੂੰ ਖਾਲਸੇ ਦੇ ਘਰ ਨੂੰ ਵਸਾਇਆ ਹੈ!
ਸਾਡਾ ਤਖ਼ਤ ਅਕਾਲ! ਵੇਖੋ ਕਿੰਨੀ ਰੀਝ ਨਾਲ....
ਰਾਜ ਜੋਗ ਸਾਡੇ ਲਈ ਨਹੀਓਂ ਵੱਖ ਨੇ,
ਇਹ ਤਾਂ ਖਾਲਸੇ ਦੇ ਸੱਜਾ ਖੱਬਾ ਹੱਥ ਨੇ।
ਇਕ ਪਾਸੇ ਜੇ ਹੈ ਮੀਰੀ, ਸਾਡੇ ਦੂਜੇ ਪਾਸੇ ਪੀਰੀ,
ਗੁਰਾਂ ਕੌਤਕ ਇਹ ਜੱਗ ਨੂੰ ਵਿਖਾਇਆ ਹੈ!
ਸਾਡਾ ਤਖ਼ਤ ਅਕਾਲ! ਵੇਖੋ ਕਿੰਨੀ ਰੀਝ ਨਾਲ...
ਰਾਜ ਧਰਮ ਦਾ ਲਾਜ਼ਮੀ ਸਹਾਰਾ ਹੈ।
ਬਿਨਾਂ ਸ਼ਕਤੀ ਵੀ ਹੁੰਦਾ ਨਾ ਗੁਜ਼ਾਰਾ ਹੈ।
ਧਰਮ ਹੀਣ ਪਰ ਰਾਜ, ਆਵੇ ਜ਼ੁਲਮੋਂ ਨਾ ਬਾਜ,
ਤਦੇ ਭਗਤੀ ਨੂੰ ਗੁਰਾਂ ਵਡਿਆਇਆ ਹੈ।
ਸਾਡਾ ਤਖ਼ਤ ਅਕਾਲ! ਵੇਖੋ ਕਿੰਨੀ ਰੀਝ ਨਾਲ.....

ਹਿੰਦ ਸਾਮਰਾਜ ਨੇ ਖਾਲਸਾ ਪੰਥ ਦੀਆਂ ਸਭ ਕੁਰਬਾਨੀਆਂ ਉੱਤੇ ਪਾਣੀ ਫੇਰ ਕੇ ਅਕ੍ਰਿਤਘਣਤਾ ਦਾ ਸਬੂਤ ਜਿਸ ਤਰ੍ਹਾਂ ਦਿੱਤਾ, ਉਸ ਦੀ ਮਿਸਾਲ ਸੰਸਾਰ ਭਰ ਦੀਆਂ ਕੌਮਾਂ ਵਿਚ ਹੋਰ ਕਿਧਰੇ ਨਹੀਂ ਮਿਲਦੀ :—



ਹੋਇਆ ਕਹਿਰ ਅਕ੍ਰਿਤਘਣ ਵਾਓ ਵਗੀ,
ਹਾਕਮ ਹਿੰਦ ਦੇ ਸਰ੍ਹੇ ਬਾਜ਼ਾਰ ਭੁੱਲੇ।
ਭੁੱਲੇ, ਵੇਖੋ ਪਰੰਪਰਾ ਖਾਲਸੇ ਦੀ ਭੁੱਲੇ
ਮੂਲੋਂ ਉਹ ਸਾਰੇ ਉਪਕਾਰ ਭੁੱਲੇ।
ਤੱਤੀ ਤਵੀ ਕਿਉਂ ਬੈਠੇ ਸਨ ਗੁਰੂ ਅਰਜਨ,
ਕਿਹੜਾ ਲਿਆ ਨਾ ਕਹਿਰ ਸਹਾਰ ? ਭੁੱਲੇ।
ਬੰਦੀ ਛੋੜ ਦੀਆਂ ਬਖਸ਼ਿਸ਼ਾਂ ਭੁੱਲ ਗਈਆਂ,
ਕਾਹਤੋਂ ਬਣੇ ਸਨ ਸ਼ਾਹ ਅਸਵਾਰ ਭੁੱਲੇ।
ਭੁੱਲੇ, ਹੋਏ ਦਸਮੇਸ਼ ਯਤੀਮ ਕਾਹਤੋਂ ?
ਹੋਇਆ ਚਾਂਦਨੀ ਚੌਂਕ ਵਿਚਕਾਰ ਭੁੱਲੇ।
ਧੱਕੇ ਲਈ ਫੌਲਾਦੀ ਦੀਵਾਰ ਬਣ ਕੇ
ਕਿਵੇਂ ਲੜੇ ਅਜੀਤ ਜੁਝਾਰ ਭੁੱਲੇ।
ਭੁੱਲ, ਗਏ ਸਰਹੰਦ ਦੀ ਕੰਧ ਰੋਂਦੀ,
ਫਤਹਿ, ਜ਼ੋਰਾਵਰ ਖੜੇ ਵਿਚਕਾਰ ਭੁੱਲੇ।
ਭੁੱਲੇ, ਕਿਵੇਂ ਕਸੂਰੋਂ ਸੀ ਪੱਤ ਮੋੜੀ,
ਭੁੱਲੇ ਸਿੱਖਾਂ ਦਾ ਸੁੱਚਾ ਕਿਰਦਾਰ ਭੁੱਲੇ।
ਕੱਲ੍ਹ ਦੀ ਗੱਲ ਆਜ਼ਾਦੀ ਲਈ ਹੱਸ ਮਰਦੇ,
ਫਾਂਸੀ ਚੁੰਮਦੇ ਸਾਰੇ ਸਰਦਾਰ ਭੁੱਲੇ।
ਨੱਕ ਰਗੜ ਖੁਸ਼ਾਮਦਾਂ ਕਰਨ ਵਾਲੇ,
ਕੀਤਾ ਇਕ ਇਕ ਕੌਲ ਇਕਰਾਰ ਭੁੱਲੇ।

---

*****

ਸਿੱਖਾਂ ਦੇ ਵਰਤਮਾਨ ਦੁਖਾਂਤ ਦੀ ਜ਼ਿੰਮੇਵਾਰ ਸਿਰਫ਼ ਹਿੰਦ ਸਰਕਾਰ ਹੀ ਨਹੀਂ ਸਗੋਂ ਕੌਮ ਦੇ ਗ਼ੱਦਾਰ ਲੀਡਰ ਵੀ ਸਨ :—

ਇਕ ਤਾਂ ਹਿੰਦ ਸਰਕਾਰ ਦੀ ਨਜ਼ਰ ਮੰਦੀ,
ਦੂਜਾ ਕੌਮ ਦੇ ਮੰਦੇ ਵਿਹਾਰ ਹੋ ਗਏ।
ਗੌਲੀ ਗੱਲ ਨਾ ਗੁਰੂ ਦਸ਼ਮੇਸ਼ ਸੰਦੀ,
ਨਿਆਰੇ ਖਾਲਸੇ ਬਾਹਮਣਾਂ-ਹਾਰ ਹੋ ਗਏ।
ਭਾਓ ਕੌਡੀਆਂ ਕੌਮ ਨੂੰ ਸੁਟਿਓ ਸੁ,
ਲੀਡਰ ਕੌਮ ਦੇ ਪੁੱਜ ਗੱਦਾਰ ਹੋ ਗਏ।
ਕੁਰਸੀ ਲਈ ਈਮਾਨ ਨੂੰ ਵੇਚਿਓ ਨੇ,
ਧਰਮ ਛੱਡ ਕੇ ਨਿਰੇ ਬਦਕਾਰ ਹੋ ਗਏ।

ਲਾ ਲਾ ਮੋਰਚੇ ਕੌਮ ਮਰਵਾਇ ਘੱਤੀ,
ਆਪੂੰ ਜੂਸ ਪੀ ਖੱਜਲ ਖੁਆਰ ਹੋ ਗਏ।
ਦਿਨੇ ਹੇਜ ਪੰਜਾਬ ਜਤਲਾਉਣ ਵਾਲੇ,
ਰਾਤ ਪੈਂਦਿਆਂ ਦਿੱਲੀ ਦੇ ਯਾਰ ਹੋ ਗਏ।
ਮੱਲ ਕੇ ਗੱਦੀਆਂ ਗੋਲਕਾਂ ਲੁੱਟਦੇ ਰਹੇ
ਭਾਸ਼ਣ ਕਰਨ ਵਿਚ ਚਤੁਰ-ਹੁਸ਼ਿਆਰ ਹੋ ਗਏ।
ਸ਼ਾਨ ਮਿੱਟੀ ਮਿਲਾਈ ਸੂ ਖਾਲਸੇ ਦੀ,
ਗੁੰਡੀ ਰੰਨ ਦੇ ਤਾਬਿਆਦਾਰ ਹੋ ਗਏ।
ਚੜ੍ਹਿਆ ਕੌਮੀ ਦੁਮੇਲ ਤੇ ਇਕ ਸੂਰਜ
ਓਹਦੇ ਚੜ੍ਹਦਿਆਂ ਹੀ ਦਾਗਦਾਰ ਹੋ ਗਏ।
ਓਹਦੀ ਭਬਕ ਤੋਂ ਹੋਏ ਭੈ-ਭੀਤ ਈਕਰ
ਬੁਕਿਆਂ ਸਿੰਘ ਜਿਉਂ ਮਿਰਗ ਫ਼ਰਾਰ ਹੋ ਗਏ।
ਭੜਕੀ ਸੀਨੇ ਵਿਚ ਈਰਖਾ ਅੱਗ ਏਨੀ,
ਉਹਨੂੰ ਮਾਰਨ ਲਈ ਸਭੇ ਤਿਆਰ ਹੋ ਗਏ।
ਫੁੰਡਣ ਫੜਨ ਲਈ ਬਾਜ ਗੋਬਿੰਦ ਦਾ ਜਿਉਂ,
ਫਾਹੀਵਾਲ ਲੈ ਜਾਲ ਹੁਸ਼ਿਆਰ ਹੋ ਗਏ।
ਦਿੱਤੇ ਨਿਉਂਦਰੇ ਫ਼ੌਜ ਨੂੰ ਆਪ ਹੱਥੀਂ,
ਕਾਤਲ ਕੌਮ ਦੇ ਏਨੇ ਮੱਕਾਰ ਹੋ ਗਏ।
ਨਾਲ ਕੌਮ ਗੱਦਾਰੀਆਂ ਸਦਾ ਹੋਈਆਂ।
ਇਹ ਵੀ ਉਹਨਾਂ ਦੇ ਵਿਚ ਸ਼ੁਮਾਰ ਹੋ ਗਏ।

------------------------------------

*****

ਸੰਤ ਜਰਨੈਲ ਸਿੰਘ ਖਾਲਸਾ ਦੀ ਆਨੰਦਪੁਰ ਮਤੇ ਉੱਤੇ ਦ੍ਰਿੜ੍ਹਤਾ ਨੂੰ ਦੇਖ ਕੇ ਤੇ ਉਹਨਾਂ ਦੀ ਚੜ੍ਹਤ ਤੋਂ ਖਾਰ ਖਾ ਕੇ ਆਪਣੇ ਏਜੰਟਾਂ ਨੂੰ ਵਿਦੇਸ਼ਾਂ ਵਿੱਚ ਉਚੇਚੀ ਟਰੇਨਿੰਗ ਦਿਵਾਉਣ ਪਿੱਛੋਂ ਚਕਰਾਤੇ ਦੀਆਂ ਪਹਾੜੀਆਂ ਵਿੱਚ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਵਾ ਕੇ, ਉਸ ਉੱਤੇ ਚੋਰੀ ਛੁਪੇ ਹਮਲੇ ਦੀ ਰੀਹਰਸਲ ਕਰਕੇ ਅਤੇ ਗੱਦਾਰ ਸਿੱਖ ਲੀਡਰਾਂ ਵੱਲੋਂ ਹਰੀ ਝੰਡੀ ਮਿਲਣ ਉਪਰੰਤ ਦਿੱਲੀ-ਦਰਬਾਰ ਦੀਆਂ ਫ਼ੌਜਾਂ ਵਰਤਮਾਨ ਸਮੇਂ ਦੇ ਸਿਰਮੌਰ ਧਾਰਮਿਕ ਸਿੱਖ-ਨੇਤਾ ਸੰਤ ਜਰਨੈਲ ਸਿੰਘ ਖਾਲਸਾ ਨੂੰ ਫੜਨ ਲਈ ਇਉਂ ਚੜ੍ਹਦੀਆਂ ਹਨ:-

ਉਨ੍ਹਾਂ ਭੇਜਿਆ ਲਸ਼ਕਰ ਦਿੱਲੀਓਂ ਕਰ ਤੇਜ਼ ਤਰਾਰਾ।
ਜੀਹਦੇ ਹੱਥ ਸ਼ਾਹੀ ਫੁਰਮਾਨ ਸੀ ਇਕ ਬੜਾ ਕਰਾਰਾ।



ਜੀਹਦੇ ਉੱਤੇ ਦਸਖ਼ਤ ਜ਼ੈਲ ਦੇ, ਜੁ ਵੱਡ ਗੱਦਾਰਾ।
(ਲਸ਼ਕਰ) ਛਾਉਣੀ ਘੱਤ ਪੰਜਾਬ ਵਿਚ ਪਾਇਆ ਪਸਾਰਾ।
ਨਾ ਹਿੱਲੇ ਕਿਧਰੇ ਪੱਤ ਵੀ, ਕੀਤਾ ਸਭ ਚਾਰਾ।
ਉਹਨੇ ਘੇਰਿਆ ਆ ਕੇ ਅੰਬਰਸਰ ਸਾਰੇ ਦਾ ਸਾਰਾ।
ਤੇ ਕਰਕੇ ਨਾਕਾਬੰਦੀਆਂ ਜਿਉਂ ਪੰਥ ਸੰਭਾਰਾ।
ਜੀਹਨੂੰ ਹੁਕਮ ਫੜੇ ਜਰਨੈਲ ਨੂੰ ਜੁ ਯੋਧਾ ਭਾਰਾ।
ਜੁ ਬੈਠਾ ਮੱਲ ਅਕਾਲ ਤਖਤ ਧਰ ਤੇਜ ਕਰਾਰਾ।
ਉਹਦੇ ਚਾਰ-ਚੁਫੇਰ ਭੁਝੰਗੀਏ ਜਿਉਂ ਚੰਨ ਪਰਵਾਰਾ।
ਉਹ ਬਹਿ ਬਹਿ ਸੁਣਦਾ ਮਾਮਲੇ, ਲਾਉਂਦਾ ਦਰਬਾਰਾ।
ਉਹ ਖਰਾ ਸਿੱਕਾ ਟਕਸਾਲ ਦਾ ਟੁਣਕੇ ਸਚਿਆਰਾ।
ਉਹ ਦੂਜਾ ਬਾਬਾ ਦੀਪ ਸਿੰਘ ਯੋਧਾ ਬਲਕਾਰਾ।
ਉਹਦੇ ਤੀਰੋਂ ਤ੍ਰਹਿ ਕੇ ਹਿੰਦ ਰਾਜ ਘਬਰਾਇਆ ਸਾਰਾ।
ਉਹਦਾ ਨਾਂ ਸੁਣ ਕੰਬਣ ਬਾਣੀਏ, ਜਿਉਂ ਕੰਬੇ ਪਾਰਾ।
ਕਹਿੰਦਾ ਦੋ ਹੱਥ ਕਰਨੇ ਹਿੰਦ ਨਾਲ ਹੁਣ ਹੋਰ ਨਾ ਚਾਰਾ।
ਉਹਨੇ ਗਲੋਂ ਗੁਲਾਮੀ ਲਾਹੁਣ ਦਾ ਛੱਡਿਆ ਜੈਕਾਰਾ।
ਉਹਦੇ ਨਾਲ ਨਾਲ ਅਮਰੀਕ ਸਿੰਘ ਜੁ ਨਿਰਾ ਸ਼ੱਰਾਰਾ।
ਤੇ ਸੱਜੇ ਹੱਥ ਸੁਬੇਗ ਸਿੰਘ ਖੰਡਾ ਦੋ ਧਾਰਾ।
ਜੀਹਨੂੰ ਦਿੱਲੀ ਚੰਗੂੰ ਜਾਣ ਦੀ ਗੜ੍ਹ ਭੰਨਣ ਹਾਰਾ।
ਕਿਹਾ ਇੰਦਰਾ ਛੇਤੀ ਫੜ ਲਵੋ ਕਰ ਹੀਲਾ ਚਾਰਾ।
ਜੇ ਅਸਾਂ ਖੁੰਝਾਇਆ ਵਕਤ ਫਿਰ ਨਾ ਮਿਲੂ ਦੁਬਾਰਾ।

------------------------------------

*****

ਦਿੱਲੀ ਦਰਬਾਰ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹਮਲੇ ਸਮੇਂ ਗੱਦਾਰ ਸਿੱਖ ਲੀਡਰ ਆਪਣੀ ਭੂਮਿਕਾ ਇਉਂ ਨਿਭਾਉਂਦੇ ਹਨ :-

ਗੱਲ ਗਿਣੀ ਗੱਦਾਰਾਂ ਨੇ ਨਾਲ ਦਿੱਲੀ,
ਵੱਟੇ ਪੰਥ ਦੀ ਬੇੜੀ ਵਿਚ ਪਾ ਤੁਰ ਗਏ।
ਕਦਮੀਂ ਦਿੱਲੀ ਦੇ ਵਿਛ ਗਏ ਸਲਵਾੜ੍ਹ ਵਾਂਗੂੰ,
ਹੱਥ ਜੋੜ ਕੇ ਧੌਣਾਂ ਝੁਕਾ ਤੁਰ ਗਏ।
ਬਣ ਕੇ ਵਹੁਟੀਆਂ ਗੱਡੀਆਂ ਵਿਚ ਬਹਿ ਗਏ,
ਪੇਕੇ ਪੰਥ ਨੂੰ ਮਨੋਂ ਭੁਲਾ ਤੁਰ ਗਏ।
ਮਾਰ ਤਾੜੀਆਂ ਖੁਸਰਿਆਂ ਕੌਮ ਲੁੱਟੀ,
ਭੀੜ ਪਈ ਤਾਂ ਪਿੱਠ ਵਿਖਾ ਤੁਰ ਗਏ।

ਕੱਲ੍ਹ ਤਕ ਜਿਹੜੇ ਸਟੇਜਾਂ ਤੇ ਬੜ੍ਹਕਦੇ ਸੀ,
ਵੇਖੀ ਮੌਤ ਤਾਂ ਦੁੰਮ ਦਬਾ ਤੁਰ ਗਏ।
ਕਰਕੇ ਆਪ ਅਰਦਾਸ ਵਿਸਾਰਿਓਂ ਨੇ,
ਪ੍ਰਣ ਤੋੜਿਆ ਜਾਨ ਬਚਾ ਤੁਰ ਗਏ।
ਗ਼ੈਰਤ ਵੇਚ ਕੇ ਮੱਥੇ ਕਲੰਕ ਲਾਏ,
ਛੱਡ ਕੇ ਕਿਸ ਤਰ੍ਹਾਂ ਸ਼ਰਮ ਹਯਾ ਤੁਰ ਗਏ।
ਆਪ ਲਿਖੇ ਬਿਦਾਵੇ ਸੂ ਗੁਰੂ ਤਾਈਂ,
ਵੇਲਾ ਆਇਆ ਤਾਂ ਕੰਨੀਂ ਕਤਰਾ ਤੁਰ ਗਏ।
ਹੀਰਾ ਕੌਮ ਦਾ ਦਿੱਲੀ ਨੂੰ ਸੌਂਪ ਹੱਥੀਂ,
ਦਗ਼ੇਬਾਜ਼ ਉਹ ਦਗ਼ਾ ਕਮਾ ਤੁਰ ਗਏ।
ਕੌਮ ਸਦਾ ਹੀ ਪਿੱਟੇਗੀ ਪਾਪੀਆਂ ਨੂੰ
ਧੀਆਂ ਪੁੱਤ ਬਿਗਾਨੇ ਮਰਵਾ ਤੁਰ ਗਏ।
------------------------------------

*****

ਹਮਲੇ ਤੋਂ ਪਹਿਲੋਂ ਸਿੱਖ ਕੌਮ ਦੇ ਸਿਰਲੱਥ ਯੋਧੇ ਸੰਤ ਜਰਨੈਲ ਸਿੰਘ ਜੀ ਲਕੀਰ ਖਿੱਚ ਕੇ ਜ਼ਾਲਮ ਧਾੜਵੀਆਂ ਦੇ ਮੁਕਾਬਲੇ ਅਤੇ ਗੁਰਧਾਮਾਂ ਦੀ ਰੱਖਿਆ ਲਈ ਸਿੱਖ ਸੰਗਤਾਂ ਨੂੰ ਇਉਂ ਵੰਗਾਰਦੇ ਹਨ :-

ਖਿੱਚ ਕੇ ਲਕੀਰ ਸੂਰਮੇ ਵੰਗਾਰਿਆ।
ਉੱਚਾ ਕਰ ਤੀਰ ਲਲਕਾਰਾ ਮਾਰਿਆ।
ਸਿੱਖੀ ਉੱਤੇ ਹੋਣ ਲੱਗੈ ਵਾਰ ਖਾਲਸਾ।
ਲਈਏ ਪਹਿਲੋਂ ਗੱਲ ਨੂੰ ਨਿਤਾਰ ਖਾਲਸਾ।
ਟੱਪਿਓ ਲਕੀਰ ਜੀਹਨੇ ਸੀਸ ਵਾਰਨੈ।
ਜਿੰਦ ਦੇ ਕੇ ਗੁਰੂ ਦਾ ਉਧਾਰ ਤਾਰਨੈ।
ਕਹੇ ਸੁਣੇ ਬੱਧੇ-ਰੁੱਧੇ ਕੋਈ ਆਇਓ ਨਾ।
ਖਾਲਸੇ ਦੀ ਸ਼ਾਨ ਨੂੰ ਕਲੰਕ ਲਾਇਓ ਨਾ।
ਚਲੇ ਜਾਓ ਖੁਸ਼ੀ ਨਾਲ ਜਿਹਨਾਂ ਡੋਲਣੈ।
ਗੁਰੂ ਕੇ ਤੁਲਾਵੇ ਹੋ ਕੇ ਘੱਟ ਤੋਲਣੈ।
ਟੱਪੇ ਜੁ ਲਕੀਰ ਹੱਥ ਧੋਵੇ ਜਿੰਦ ਤੋਂ।
ਕੱਟ ਮਰੇ ਮੁਖ ਫੇਰੇ ਨਾ ਗੋਬਿੰਦ ਤੋਂ
ਸੁਣ ਕੇ ਤੇ ਸੂਰੇ ਟੱਪ ਗਏ ਲਕੀਰ ਨੂੰ।
ਚਿਰਾਂ ਦੀ ਜੁ ਆਸ ਪੁੱਗ ਗਈ ਅਖੀਰ ਨੂੰ।
ਦੇ ਕੇ ਜਰਨੈਲ ਯੋਧਿਆਂ ਨੂੰ ਥਾਪੀਆਂ।



ਫਤਹਿ ਫੇਰ ਆਖਰੀ ਬੁਲਾਤੀ ਬਾਕੀਆਂ।
ਗੁਰੂ ਜੀ ਕੀ ਫੌਜ ਸਾਂਭਤੀ ਸੁਬੇਗ ਨੂੰ।
ਸਾਣ ਜੀਹਨੇ ਲਾਤਾ ਖਾਲਸੇ ਦੀ ਤੇਗ਼ ਨੂੰ।
------------------------------------

*****

ਹਮਲੇ ਤੋਂ ਪਹਿਲੋਂ ਜਰਨਲ ਬਰਾੜ ਤੇ ਦਿਆਲ, ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਆਈਆਂ ਸੰਗਤਾਂ ਅਤੇ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਿਰਲੱਥ ਮਰਜੀਵੜਿਆਂ ਨੂੰ ਬਾਹਰ ਆਉਣ ਲਈ ਵਾਰਨਿੰਗ ਦਿੰਦੇ ਹਨ ਤਾਂ ਸੰਗਤਾਂ ਦੇ ਪ੍ਰਤੀਨਿਧ ਵਜੋਂ ਸੰਤ ਜਰਨੈਲ ਸਿੰਘ ਖਾਲਸਾ ਇਸ ਦਾ ਜਵਾਬ ਇੰਜ ਦਿੰਦੇ ਹਨ :—

ਕਿਹਾ ਗਰਜ ਜਰਨੈਲ ਨੇ ਗੱਲ ਸੁਣੋ ਗੱਦਾਰੋ!
ਹੋਰ ਕਿਤੇ ਜਾ ਫੋਕੀਆਂ ਇਹ ਬੜ੍ਹਕਾਂ ਮਾਰੋ।
ਲਾੜੀ ਮੌਤ ਵਿਆਹੁਣ ਲਈ ਅਸੀਂ ਅੱਗੇ ਕਾਹਲੇ।
ਤਾਂਘ ਰਹੇ ਜੰਞ ਚੜ੍ਹਨ ਲਈ ਨੰਨ੍ਹੇ ਸਰਬਾਹਲੇ।
ਮੂੰਹ ਅੱਡ ਖੜੀਆਂ ਸਾਹਮਣੇ ਜੇ ਤੋਪਾਂ ਡੈਣਾਂ।
ਸ਼ਬਦ ਘੋੜੀਆਂ ਗਾਉਂਦੀਆਂ ਹਨ ਸਾਡੀਆਂ ਭੈਣਾਂ।
ਇਹ ਦਿਨ ਨਿੱਤ ਉਡੀਕਦੇ ਸੀ ਬਾਪ ਪਿਆਰੇ।
ਪੈਸੇ ਸੁੱਟ ਕੁਰਬਾਨੀਆਂ ਜਿਹਨਾਂ ਕਰਨੇ ਵਾਰੇ।
ਮਾਵਾਂ ਸ਼ਗਨ ਤਿਆਰ ਲੈ ਆ ਸਾਹਵੇਂ ਖੜ੍ਹੀਆਂ।
ਮਿਲਣ ਵਧਾਈਆਂ ਪੰਥ ਨੂੰ ਜਦ ਜੰਞਾਂ ਚੜ੍ਹੀਆਂ।
ਪੱਕੇ ਸਾਕ ਜ਼ਬਾਨ ਦੇ ਕਦ ਕਰਨ ਬਹਾਨੇ?
ਦਸਤਾਰੇ ਬੰਨ੍ਹਦੇ ਕੇਸਰੀ ਚਾਅ ਸੰਗ ਪ੍ਰਵਾਨੇ।
ਦਰ ਦਿੱਲੀ ਦੇ ਢੁੱਕ ਕੇ ਡੋਲੇ ਲੈ ਆਉਣੇ।
ਡਰਦੇ ਕਦੇ ਨਾ ਮੌਤ ਤੋਂ ਇਹ ਸਿੱਖ ਪਰਾਹੁਣੇ।
ਮਿਲਣੀ ਕਰਨੀ ਅਸਾਂ ਨਾਲ ਕੁਝ ਬਣ ਕੇ ਆਇਓ।
ਛੋਤ ਲੁਹਾ ਕੇ ਆਪਣੀ ਨਾ ਫਿਰ ਪਛਤਾਇਓ!
------------------------------------

*****

ਹਮਲੇ ਦੇ ਦੌਰਾਨ ਪੰਥ ਦੇ ਭਵਿੱਖ ਲਈ ਫ਼ਿਕਰਮੰਦ ਪੰਥ ਦੇ ਅਣਖੀਲੇ ਯੋਧੇ ਜਨਰਲ ਸੁਬੇਗ ਸਿੰਘ ਜੀ ਖਾਲਸਾ ਪੰਥ ਦੀ ਪਰੰਪਰਾ ਅਨੁਸਾਰ ਭਾਈ ਅਮਰੀਕ ਸਿੰਘ ਸਮੇਤ ਚਾਰ ਹੋਰ ਸਿੰਘਾਂ ਨੂੰ ਨਾਲ ਲੈ ਕੇ ਸੰਤ ਜਰਨੈਲ ਸਿੰਘ ਖਾਲਸਾ ਨੂੰ ਇਉਂ ਮੁਖ਼ਾਤਿਬ ਹੁੰਦੇ ਹਨ :-

ਚਹੁੰ ਸਿੰਘਾਂ ਨੂੰ ਲੈ ਕੇ ਨਾਲ ਆਪਣੇ
ਇਕ ਅਰਜ਼ ਗੁਜ਼ਾਰੀ ਸੁਬੇਗ ਸਿੰਘ ਨੇ।
ਪਾ ਕੇ ਵਾਸਤਾ ਗੁਰੂ ਦੇ ਪੰਥ ਸੰਦਾ
ਮਾਨੋਂ ਧਾਹ ਇਕ ਮਾਰੀ ਸੁਬੇਗ ਸਿੰਘ ਨੇ।
ਸਿੱਕਾਂ ਸਿੱਕਦਿਆਂ ਮਿਲੇ ਹੋ ਕੌਮ ਤਾਈਂ
ਸੱਚੀ ਆਖ ਚਿਤਾਰੀ ਸੁਬੇਗ ਸਿੰਘ ਨੇ।
ਮੰਨੋ ਕਿਹਾ ਤੇ ਨਿਕਲ ਜਾਓ ਘੇਰੇ ਵਿਚੋਂ
ਮਨ ਦੀ ਗੱਲ ਨਿਤਾਰੀ ਸੁਬੇਗ ਸਿੰਘ ਨੇ।

-----------------------------------

*****

ਸੰਤ ਖਾਲਸਾ ਆਪਣੇ ਸੁਭਾਅ ਅਨੁਸਾਰ ਜਨਰਲ ਸਾਹਿਬ ਦੀ ਗੱਲ ਦਾ ਦਲੀਲ ਸਹਿਤ ਇੰਜ ਜਵਾਬ ਦਿੰਦੇ ਹਨ :-

ਸੁਣਿਆ ਜਦ ਜਰਨੈਲ ਫੇਰ ਇਹ ਬਚਨ ਉਚਾਰੇ।
ਆਪਣੇ ਭਾਣੇ ਠੀਕ ਭਲਾ ਤੂੰ ਕਹੈਂ ਪਿਆਰੇ।
ਪਰ ਮੈਂ ਆਖਾਂ ਇਕ ਗੱਲ ਜੇ ਕੁਝ ਵਿਚਾਰੇਂ।
(ਦਿਲ) ਪੁਰਜ਼ਾ ਪੁਰਜ਼ਾ ਪੰਥ ਦਾ ਜੇ ਝਾਤੀ ਮਾਰੇਂ।
ਦਸਮ ਪਿਤਾ ਨੇ ਸਿੰਘਾਂ ਨੂੰ ਛਾਤੀ ਨਾਲ ਲਾਇਆ।
ਲੀਡਰ ਲੋਕਾਂ ਉਹਨਾਂ ਨੂੰ ਪਰ ਖ਼ਾਕ ਰੁਲਾਇਆ।
(ਸਿੰਘਾਂ) ਕੀਤੀਆਂ ਲੱਖ ਕੁਰਬਾਨੀਆਂ ਸਿਰ ਹੱਸ ਹੱਸ ਵਾਰੇ।
ਪਰ ਰੁਲਦੇ ਦਿੱਲੀ ਦਰਾਂ ਤੇ ਅੱਜ ਬਣ ਘਸਿਆਰੇ।
(ਅਸਾਂ) ਹੱਕ ਆਪਣੇ ਲੈਣ ਲਈ ਅਰਦਾਸ ਗੁਜ਼ਾਰੀ।
ਮੈਂ ਸੀ ਉਸ ਵਿਚ ਇਕ ਧਿਰ, ਤੂੰ ਸੋਚ ਵਿਚਾਰੀ ?
ਲੀਡਰ ਖਾ ਗਏ ਕੌਮ ਦੀ ਇਹ ਬੋਟੀ ਬੋਟੀ।
ਮੈਂ ਤਾਂ ਕੂਕਰ ਏਸਦਾ ਖਾਧੀ ਇਸ ਰੋਟੀ।
ਮੇਰਾ ਪਹਿਲਾ ਕੰਮ ਹੈ ਅੱਜ ਕੌਮ ਜਗਾਣਾ।
ਪਏ ਲੁਟੇਰੇ ਕੌਮ ਘਰ ਇਕ ਹੋਕਾ ਲਾਣਾ।
ਹੁਕਮ ਤੁਸਾਂ ਦਾ ਸਿਰ ਮੱਥੇ ਨਾ ਉੱਕਾ ਨਾਬਰ।
ਗੁਰ ਘਰ ਉੱਤੇ ਚੜ੍ਹੇ ਨੇ ਪਰ ਵੇਖੋ ਜਾਬਰ।
ਕਰ ਅਰਦਾਸ ਅਕਾਲ ਤਖ਼ਤ ਪਿੱਛੇ ਹਟ ਜਾਵਾਂ।
ਦੱਸੋ ਦਰ ਦਸਮੇਸ਼ ਦੇ ਕਿੰਝ ਮੂੰਹ ਦਿਖਲਾਵਾਂ ?
ਜ਼ੁਲਮ ਅਤੇ ਅਨਿਆਂ ਨੇ ਹੈ ਲੁੱਟ ਮਚਾਈ।
ਅਣਖ ਕੌਮ ਦੀ ਲੀਡਰਾਂ ਨੇ ਖੇਹ ਰੁਲਾਈ।



(ਅਸੀਂ) ਟੱਕਰ ਲੈ ਕੇ ਜ਼ੁਲਮ ਨਾਲ ਹੈ ਅਣਖ ਜਿਊਣਾ।
ਲੱਗਿਆ ਜੁ ਜੰਗਾਲ ਕੌਮ ਨੂੰ, ਮਰ ਕੇ ਲਾਹੁਣਾ।
ਗੁਰੂ ਆਪਣੇ ਪੰਥ ਦਾ ਉਹ ਪੰਥ ਸੰਭਾਰੇ।
ਮੈਂ ਤਾਂ ਉਸ ਦਾ ਦਾਸ ਹਾਂ ਉਸ ਦੇ ਬਲਿਹਾਰੇ।
ਕਰੋ ਨਾ ਖਹਿੜਾ ਇਸ ਤਰ੍ਹਾਂ ਨਾ ਵਕਤ ਖੁੰਝਾਈਏ।
ਸੁਬੇਗ ਸਿੰਘ ਅਮਰੀਕ ਪੰਥ ਤੋਂ ਜਿੰਦ ਘੁੰਮਾਈਏ।

-----------------------------------

*****

ਸਿੰਘ ਸੂਰਮੇ ਘਨਘੋਰ ਘਟਾਵਾਂ ਵਾਂਗ ਚੜ੍ਹ ਆਈਆਂ ਧਾੜਵੀਂ ਫ਼ੌਜਾਂ ਦੇ ਇਉਂ ਦੰਦ ਖੱਟੇ ਕਰਦੇ ਹਨ:-

ਆਈ ਟੈਂਕਾਂ ਦੀ ਧਾੜ ਜਿਸ ਧੜ ਸਿੱਧੇ
ਤੋਪਾਂ ਤਖਤ ਅਕਾਲ ਤੇ ਚੱਲੀਆਂ ਨੇ।
ਵਰ੍ਹੀਆਂ ਗੋਲੀਆਂ ਮੀਂਹ ਦੀ ਜਿਵੇਂ ਵਾਛੜ
ਜਿਹਨਾਂ ਛਾਤੀਆਂ ਪਿੰਜੀਆਂ ਸੱਲ੍ਹੀਆਂ ਨੇ।
ਅੱਗੋਂ ਸਿੰਘਾਂ ਕੀ ਚੂੜੀਆਂ ਪਹਿਨੀਆਂ ਸਨ
ਉਹਨਾਂ ਭਾਜੀਆਂ ਮੋੜ ਕੇ ਘੱਲੀਆਂ ਨੇ।
ਉਹਨਾਂ ਨਾਲ ਨਿਸ਼ਾਨਿਆਂ ਫ਼ੌਜ ਫੁੰਡੀ,
ਸਫ਼ਾਂ ਡਿਗਦੀਆਂ ਕਿਸੇ ਨਾ ਝੱਲੀਆਂ ਨੇ।
ਉੱਡਣ ਅੰਗ ਹਨੇਰੀ ਵਿਚ ਜਿਵੇਂ ਪੱਤੇ,
ਭੜਕੀ ਅੱਗ ਤੇ ਪਈਆਂ ਤਰਥੱਲੀਆਂ ਨੇ।

-----------------------------------

*****

ਬਹਾਦਰ ਸਿੰਘਣੀਆਂ ਨੇ ਮਾਈ ਭਾਗੋ ਦੇ ਪਾਏ ਪੂਰਨਿਆਂ ਤੇ ਚੱਲ ਕੇ ਫ਼ੌਜ ਦੇ ਇੰਜ ਆਹੂ ਲਾਹੇ :-

ਕਰਨ ਲਈ ਇਕ ਫਰਜ਼ ਅਦਾ ਸੁੱਚਾ,
ਮਾਈਆਂ ਬੀਬੀਆਂ ਕੀਤਾ ਕਮਾਲ ਦੇਖੋ।
ਕੀਤਾ ਫ਼ਿਕਰ ਨਾ ਜਿਗਰ ਦੇ ਟੋਟਿਆਂ ਦਾ,
ਤੱਤੇ ਫ਼ਰਸ਼ੀਂ ਲਿਟਾਏ ਸੂ ਲਾਲ ਦੇਖੋ।
ਜਿੱਥੇ ਕੜਕੀਆਂ ਸੱਥਰ ਵਿਛਾਇ ਦਿੱਤੇ
ਬਣ ਕੇ ਕੂਕੀਆਂ ਮੌਤ ਸਿਰ ਕਾਲ ਦੇਖੋ।
ਭੱਤਾ ਢੋਇਆ ਸੂ ਇਸ ਤਰ੍ਹਾਂ ਹੌਸਲੇ ਦਾ,
ਬਣੀਆਂ ਜੂਝਦੇ ਵੀਰਾਂ ਲਈ ਢਾਲ ਦੇਖੋ।

ਘੋਲ ਟੁਰੀਆਂ ਜਾਂ ਰੰਗ ਕੁਰਬਾਨੀਆਂ ਦੇ,
ਪਾਣੀ ਹੋਏ ਸਮੁੰਦਰ ਦੇ ਲਾਲ ਦੇਖੋ।
ਪਈਆਂ ਭਾਜੜਾਂ ਫ਼ੌਜ ਨਾ ਜਾਏ ਠੱਲ੍ਹੀ,
ਹੁੰਦੀ ਪਈ ਅਕਾਲ ਅਕਾਲ ਦੇਖੋ।

-----------------------------------

*****

ਦੋਹਾਂ ਦਲਾਂ ਵਿੱਚ ਮੁਕਾਬਲੇ ਦੀ ਗਾਥਾ ਇਉਂ ਅੱਗੇ ਤੁਰਦੀ ਹੈ :-

ਆਖਿਆ ਸੁਬੇਗ ਸਿੰਘਾਂ ਥਾਵਾਂ ਮੱਲੀਆਂ।
ਵੱਜਿਆ ਬਿਗਲ ਤੇ ਬੰਦੂਕਾਂ ਚੱਲੀਆਂ।
ਫ਼ੌਜ ਨੇ ਵਿਉਂਤ ਨਾਲ ਕੀਤਾ ਹੱਲਾ ਜੀ।
ਫੁੰਡ ਦਿੱਤਾ ਸਿੰਘਾਂ ਫ਼ੌਜੀ ਕੱਲਾ ਕੱਲਾ ਜੀ।
ਸੁੰਦਰਜੀ, ਬਰਾੜ ਤੇ ਦਿਆਲ ਹਿੱਲਗੇ।
ਫ਼ੌਜ ਨੂੰ ਕਮਾਦ ਵਾਂਗ ਸਿੰਘ ਛਿੱਲਗੇ।
ਇੰਦਰਾ ਨੂੰ ਬਿੰਦੇ ਬਿੰਦੇ ਪਹੁੰਚੇ ਗੱਲ ਜੀ।
ਹੁੰਦੀ ਨਹੀਓਂ ਖਾਲਸੇ ਦੀ ਫ਼ੌਜ ਠੱਲ੍ਹ ਜੀ।
ਆਖਦੇ ਜੇ ਰਾਤੋ ਰਾਤ ਹੋਇਆ ਹੱਲ ਨਾ।
ਦਿੱਲੀ ਹੱਥ ਆਵਣੀ ਕਦੇ ਵੀ ਗੱਲ ਨਾ।
ਪ੍ਰੇਸ਼ਾਨ ਇੰਦਰਾ ਗੁੱਸੇ 'ਚ ਬੋਲਦੀ।
ਚਿੱਪੀ ਹੋਈ ਸਪਨੀ ਇਉਂ ਵਿਸ ਘੋਲਦੀ-
ਬੀੜ ਦਿਉ ਤੋਪਾਂ ਟੈਂਕਾਂ ਨੂੰ ਚੜ੍ਹਾ ਦਿਓ।
ਸਿੱਟ ਦਿਓ ਕਮਾਂਡੋ ਕੁੰਮਕਾਂ ਬੁਲਾ ਲਿਓ।
ਮਰਜ਼ੀ ਹੈ ਜੋ ਵੀ ਕਰੋ ਬਿਨਾਂ ਸ਼ੱਕ ਨੂੰ।
ਤੋੜ ਦੇਵੋ ਕੇਰਾਂ ਖਾਲਸੇ ਦੇ ਲੱਕ ਨੂੰ!

-----------------------------------

*****

ਜਰਨਲ ਸੁਬੇਗ ਸਿੰਘ ਧਾੜਵੀ ਫ਼ੌਜ ਦੇ ਇਸ ਤਰ੍ਹਾਂ ਛੱਕੇ ਛੁਡਾਉਂਦੇ ਹਨ :-

ਆਫ਼ਤ ਬਣ ਕੇ ਸੁਬੇਗ ਸਿੰਘ ਜੂਝਿਆ ਜਾ,
ਉਹਦੇ ਹੱਲੇ ਨੇ ਲਸ਼ਕਰ ਸਭ ਹੋੜ ਦਿੱਤੇ।
ਪਾਣੀ ਮੰਗਿਆ ਨਾ ਮਰਦਿਆਂ ਜਾਬਰਾਂ ਨੇ,
ਉਹਨੇ ਦਿੱਲੀ ਦੇ ਨਿਉਂਦਰੇ ਮੋੜ ਦਿੱਤੇ।



ਕਰ ਕਰ ਡੱਕਰੇ ਫ਼ੌਜ ਦੀ ਫ਼ਸਲ ਵੱਢੀ,
ਦੰਦ ਦਿੱਲੀ ਦੇ ਉਸ ਨੇ ਜੋੜ ਦਿੱਤੇ।
ਗੱਲਾਂ ਹੋਣੀਆਂ ਹਸ਼ਰ ਤੱਕ ਸ਼ੇਰ ਸਿੰਘਾ,
ਜੀਕਰ ਧੜਾਂ ਤੋਂ ਸੀਸ ਵਿਛੋੜ ਦਿੱਤੇ।

-----------------------------------

*****

ਭਾਦਰੋਂ ਦੇ ਛੱਰਾਟੇ ਵਾਂਗ ਵਰਦੀਆਂ ਗੋਲੀਆਂ ਤੇ ਅੱਗ ਵਰ੍ਹਾਹੁੰਦੇ ਗੋਲੇ ਸ੍ਰੀ ਅਕਾਲ ਤਖ਼ਤ ਨੂੰ ਢਾਹ ਢੇਰੀ ਕਰਕੇ, ਸ੍ਰੀ ਦਰਬਾਰ ਸਾਹਿਬ ਨੂੰ ਛਾਣਨੀ ਕਰਕੇ, ਉੱਥੇ ਕੀਰਤਨ ਕਰ ਰਹੇ ਰਾਗੀ ਸਿੰਘ ਅਥਵਾ ਮਾਸੂਮ ਸਿੱਖ ਸੰਗਤਾਂ ਨੂੰ ਸਿੰਨ੍ਹਦੇ ਹਨ ਤਾਂ ਮਾਨੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਆਵਾਜ਼ ਉੱਠ ਕੇ ਕੌਮ ਨੂੰ ਵੰਗਾਰ ਰਹੀ ਹੈ :-

ਤਖਤ ਅਕਾਲ ਲੱਗੀਆਂ ਜਾਂ ਗੋਲੀਆਂ।
ਗੁਰੂ ਕੇ ਪਿੰਜਰ ਦੀਆਂ ਇੱਟਾਂ ਬੋਲੀਆਂ।
ਧੀਓ! ਪੁੱਤੋ!! ਵੇਖਿਓ ਕਦੇ ਨਾ ਡੋਲਿਓ!
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ!!
ਜ਼ਾਲਮਾਂ ਦੇ ਅੱਗੇ ਰਹਿਣੈਂ ਹਿੱਕ ਤਾਣ ਕੇ,
ਤਾਣ ਮੈਂ, ਨਾ ਝੁਕਣੈਂ ਨਿਤਾਣੇ ਜਾਣ ਕੇ।
ਕੱਟੇ ਜਾਇਓ ਬੰਦ ਬੰਦ ਸੀ ਨਾ ਬੋਲਿਓ!
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ!!

ਜ਼ਾਲਮਾਂ ਨੇ ਨੇਜ਼ਿਆਂ ਤੇ ਟੰਗੇ ਸੀਸ ਸੀ।
ਕੱਲ੍ਹ ਨੂੰ ਜੇ ਹੋਰ ਕੋਈ ਕਰੇ ਰੀਸ ਵੀ।
ਪੜ੍ਹ ਇਤਿਹਾਸ ਨੂੰ ਰਾਹ ਆਪੇ ਟੋਲਿਓ!
ਪੂਰਾ ਪੂਰਾ ..............................!!

ਤੂੰਬਾ ਤੂੰਬਾ ਉੱਡ ਵੀ ਕਦੇ ਨਹੀਂ ਝੁਕਣਾ।
ਜ਼ਾਲਮਾਂ ਦੀ ਛਾਤੀ ਉੱਤੇ ਚੜ੍ਹ ਬੁੱਕਣਾ।
ਰੱਖਿਓ ਇਹ ਰੱਤ ਨਾ ਪਿਆਰੀ, ਡੋਲ੍ਹਿਓ!
ਪੂਰਾ ਪੂਰਾ ..............................!!

ਪੰਥ ਉੱਤੇ ਕਰੜੇ ਵਕਤ ਆਉਣਗੇ।
ਆਪਣੇ ਬਿਗਾਨੇ ਪੁੱਜ ਕੇ ਸਤਾਉਣਗੇ।
ਪੰਥ ਦੀ ਇਹ ਸ਼ਾਨ ਰੱਖਿਓ ਨਾ ਰੋਲਿਓ!
ਪੂਰਾ ਪੂਰਾ .............................!!

ਖਾਲਸੇ ਦੇ ਨਾਲ ਜਿਹੜਾ ਮੱਥਾ ਲਾਏਗਾ।
ਮਿੱਟੀ 'ਚ ਮਿਲਾਉਂਦਾ ਮਿੱਟੀ ਮਿਲ ਜਾਏਗਾ।
ਜ਼ੁਲਮਾਂ ਦੀ ਰਾਤ ਦਗਣਾ ਹੈ ਸ਼ੂਹਲਿਓ!
ਪੂਰਾ ਪੂਰਾ ਕਰਕੇ ਹਿਸਾਬ ਤੋਲਿਓ!!

---

*****

ਦੋਹਾਂ ਦਲਾਂ ਵਿੱਚ ਹੋ ਰਹੇ ਭਿਆਨਕ ਜੰਗ ਦਾ ਨਜ਼ਾਰਾ ਕੁਝ ਇਸ ਤਰ੍ਹਾਂ ਦਾ ਹੈ :-

ਨਿਕਲ ਤਖ਼ਤੋਂ ਅਮਰੀਕ ਸਿੰਘ ਤੀਰ ਵਾਂਗੂੰ
ਦੁਸ਼ਮਣ ਦਲਾਂ ਨੂੰ ਚੀਰਦਾ ਜਾ ਰਿਹਾ ਸੀ।
ਨਹੀਂ ਸੀ ਘੱਟ ਸੁਬੇਗ ਉਕਾਬ ਨਾਲੋਂ
ਬਣਕੇ ਦਲਾਂ ਤੇ ਮੌਤ ਮੰਡਲਾ ਰਿਹਾ ਸੀ।
ਉੱਡਦਾ ਮਗਰੋਂ ਸੀ ਟੈਂਕੀ ਤੋਂ ਕੋਈ ਬੱਬਰ
ਪਹਿਲੋਂ ਸੈਆਂ ਨੂੰ ਫੁੰਡ ਉੱਡਾ ਰਿਹਾ ਸੀ।
ਹਰਗੋਬਿੰਦ ਦੇ ਨਾਲ ਜਰਨੈਲ ਜੁੜਿਆ।
ਜੰਗ ਦੀ ਨਵੀਂ ਸਕੀਮ ਲੜਾ ਰਿਹਾ ਸੀ।

---

*****

ਸੰਤ ਜਰਨੈਲ ਸਿੰਘ ਜੀ ਖਾਲਸਾ, ਦਿੱਲੀ ਦੀ ਫ਼ੌਜੀ-ਫ਼ਸਲ ਦੀ ਵਾਢੀ ਕਰਦਿਆਂ ਅੱਗੇ ਵਧਦੇ ਜਾਂਦੇ ਭਾਈ ਅਮਰੀਕ ਸਿੰਘ ਪ੍ਰਧਾਨ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਗੋਲਾ ਲੱਗ ਕੇ ਡਿੱਗ ਪੈਣ ਮਗਰੋਂ, ਕੋਲ ਆ ਕੇ ਆਪਣੇ ਪਿਆਰ ਦਾ ਪ੍ਰਗਟਾਵਾ ਇਉਂ ਕਰਦੇ ਹਨ:-

ਡਿੱਗਦਾ ਵੇਖਿਆ ਜਦੋਂ ਅਮਰੀਕ ਅੱਖੀਂ,
ਆ ਕੇ ਫੇਰ ਜਰਨੈਲ ਸਿਰ ਪੱਟ ਧਰਿਆ।
ਅੱਖਾਂ ਸੇਜਲ ਤੇ ਉਸ ਦੇ ਹੋਠ ਫਰਕੇ,
ਏਨਾ ਕਦੇ ਨਾ ਭਰਿਆ ਸੀ ਮਨ ਭਰਿਆ।
ਕਿਹਾ-ਦੂਲਿਆ ਜਾਨ ਘੁਮਾ ਗਿਓਂ ਤੂੰ
ਪੰਥ ਲਾਹੇਗਾ ਸੀਸ ਜੁ ਕਰਜ਼ ਧਰਿਆ।
ਇਕ ਇਕ ਕਤਰੇ 'ਚੋਂ ਹੋਣੇ ਅਮਰੀਕ ਏਨੇ,
ਜੱਗ ਮੰਨੇਗਾ ਨਹੀਂ ਅਮਰੀਕ ਮਰਿਆ।
ਸੋਢੀ ਤੁਰ ਗਿਆ ਅਜੇ ਨਾ ਦਿਹੁੰ ਭੁੱਲਾ,
ਅੱਜ ਸੋਹਣਿਆਂ ਤੂੰ ਵੀ ਜਾਣ ਲੱਗੈਂ।



ਨਹੀਂ ਸਨ ਓਹਦੇ ਵਿਛੋੜੇ ਦੇ ਫੱਟ ਭੁੱਲੇ,
ਤੂੰ ਵੀ ਫੱਟ ਨਿਰਮੋਹਿਆ ਲਾਣ ਲੱਗੈਂ!!

---

ਭਾਈ ਅਮਰੀਕ ਸਿੰਘ ਨੂੰ ਸਹਿਕਦਿਆਂ ਛੱਡ ਕੇ ਸੰਤ ਖਾਲਸਾ ਦੁਸ਼ਮਣ ਦਲਾਂ ਨੂੰ ਦਰੜ ਲੰਘ ਕੇ ਤੜਫਦੇ ਫੱਟੜ ਸ਼ੇਰ ਜਨਰਲ ਸੁਬੇਗ ਸਿੰਘ ਨਾਲ ਆਖਰੀ ਦੋ ਗੱਲਾਂ ਇਸ ਤਰ੍ਹਾਂ ਕਰਦੇ ਹਨ :-

ਫਤਹਿ ਸਿੰਘ ਅਮਰੀਕ ਨੂੰ ਬੁਲਾਇ ਕੇ ਜੋਧਾ ਪੁੱਜਿਆ ਸੁਬੇਗ ਕੋਲ
ਜੀਹਦਾ ਤੱਤਾ ਧੜ ਅਜੇ ਤੜਫਦਾ ਜੀਹਦੇ ਆਨੇ ਰਹੇ ਪਥਰਾਅ।
ਓਹਦੇ ਵਿਹੁ ਮੁਛਹਿਰੇ ਘੋਲਦੇ ਉਹਦੇ ਦੰਦੀਂ ਅਜੇ ਦਬਾਅ।
ਉਹਦੇ ਹੱਥ ਕਸੀਸਾਂ ਵੱਟੀਆਂ ਜਿਵੇਂ ਲੱਥੜਾ ਨਾ ਉਹਦਾ ਚਾਅ।
ਤੇ ਵਰ੍ਹਦੇ ਗੋਲੀਂ ਖਾਲਸਾ ਉਹਦੇ ਕੋਲੇ ਖੜਿਆ ਜਾ।
ਫਿਰ ਬਹਿ ਕੇ ਫੱਟੜ ਸ਼ੇਰ ਨੂੰ ਉਹਨੇ ਛਾਤੀ ਲੀਤਾ ਲਾ।
ਉਹਦੀ ਖੁੱਲ੍ਹ ਚੱਲੀ ਦਸਤਾਰ ਨੂੰ ਓਹਦੇ ਸੋਹਣੇ ਸੀਸ ਟਿਕਾ।
ਕਿਹਾ ਮੱਥਾ ਚੁੰਮ ਜਰਨੈਲ ਨੇ 'ਸਿੰਘਾ ਗਿਓਂ ਤੂੰ ਬੋਲ ਪੁਗਾਅ।'
ਤੂੰ ਪੰਥ ਜਗਾਇਐ ਖਾਲਸਾ ਦਿੱਤੀ ਚੋਟ ਦਮਾਮੇ ਲਾ।
ਜੋ ਦਿੱਲੀ ਚਾੜ੍ਹੀਆਂ ਭਾਜੀਆਂ ਹੁਣ ਦੇਣੀਆਂ ਇਸ ਨੇ ਲਾਹ।
ਸਿੰਘ ਚੁਣ ਚੁਣ ਬਦਲੇ ਲੈਣਗੇ ਇਹਨਾਂ ਕਰਨੇ ਹੱਕ ਅਦਾ।
ਨਾਲੇ ਚੁਣਨੇ ਕੌਮੋਂ ਕੋਕੜੂ ਜਿਹਨਾਂ ਕੀਤੀ ਕੌਮ ਤਬਾਹ।
ਹੁਣ ਲਾਹ ਕੇ ਗਲੋਂ ਗੁਲਾਮੀਆਂ ਅਸੀਂ ਲੈਣਾ ਸੁੱਖ ਦਾ ਸਾਹ।
ਸਾਡੇ ਜ਼ੁਲਮਾਂ ਵੰਡਣੀ ਰੌਸ਼ਨੀ ਦੇਣੀ ਜੂਹ ਜਿਸਨੇ ਰੁਸ਼ਨਾਅ।
ਹੋਣਾ ਰਾਜ ਹਲੀਮੀ ਆਪਣਾ ਜੀਹਦਾ ਰਾਖਾ ਦਸਮ ਪਿਤਾ।
ਜੀਹਦੇ ਵਿਚ ਨਾ ਕੋਈ ਵੰਡੀਆਂ ਜਿੱਥੇ ਫ਼ਰਕ ਨਾ ਕੋਈ ਰਤਾ।
ਤੁਸੀਂ ਚਰਬੀ ਪਾ ਕੇ ਰੱਤ ਦੀ ਜੁ ਲੀਤੀ ਜੋਤ ਜਗਾ।
ਇਹਦੀ ਲਾਟ 'ਚ ਪਲਦੀ ਜ਼ਿੰਦਗੀ ਜੁ ਜਿਉਂਦੀ ਰਹੂ ਸਦਾ।

---

*****

ਕੌਮ ਦੇ ਮਹਾਨ ਜਰਨੈਲਾਂ ਦੇ ਸ਼ਹਾਦਤ ਦਾ ਜਾਮ ਪੀ ਜਾਣ ਉਪਰੰਤ ਉਹਨਾਂ ਦੇ ਸਰੀਰਾਂ ਨੂੰ ਨੁਮਾਇਸ਼ ਹਿਤ ਡਿਉਢੀ ਵਿੱਚ ਰੱਖ ਕੇ ਹੋਛੀ ਹਿੰਦ-ਸਰਕਾਰ ਦੇ ਹੋਛੇ-ਫੌਜੀ ਲਾਗਲੇ ਮੁਹੱਲਿਆਂ 'ਚੋਂ ਲੋਕਾਂ ਨੂੰ ਇਉਂ ਬੁਲਾਉਂਦੇ ਹਨ :-

ਡਿਉਢੀ ਵਿਚ ਰੱਖ ਸ਼ੇਰਾਂ ਦੇ ਸਰੀਰਾਂ ਨੂੰ ਲੋਕਾਂ ਨੂੰ ਬੁਲਾਉਂਦੇ ਐ।
ਆਪਣੀਆਂ ਅੱਖਾਂ ਨਾ ਤਸੱਲੀ ਕਰਲੋ ਆਖ ਕੇ ਵਿਖਾਉਂਦੇ ਐ।
ਕਿਸੇ ਨਾ 'ਕੱਲੇ ਦਾ ਅਜੇ ਦਿਲ ਵਗਦਾ ਆਉਂਦੇ ਬੰਨ੍ਹ ਟੋਲੀਆਂ।

ਸਿੱਖਾਂ ਦਿਆਂ ਜ਼ੁਲਮਾਂ ਤੇ ਲੂਣ ਪਾਉਂਦੇ ਐ, ਮਾਰਦੇ ਐ ਬੋਲੀਆਂ।
ਆਪੋ ਵਿਚ ਘੁੱਟ ਘੁੱਟ ਪਾਉਣ ਜੱਫੀਆਂ ਫ਼ੌਜੀਆਂ ਨੂੰ ਹਾਰ ਜੀ।
ਕਹਿਣ 'ਸਾਡਾ ਮਾਲਕੋ ਹੈ ਡਰ ਚੱਕਤਾ ਕੀਤਾ ਉਪਕਾਰ ਜੀ।'
ਫ਼ੌਜੀਆਂ ਨੂੰ ਮੁੜ ਮੁੜ ਦੇਣ ਥਾਪੀਆਂ ਪੈਰੀਂ ਹੱਥ ਲਾਉਂਦੇ ਐ।
ਟੱਪ ਟੱਪ ਖੁਸ਼ੀ ਵਿਚ ਪਾਉਣ ਭੰਗੜੇ ਫੁੱਲੇ ਨਾ ਸਮਾਉਂਦੇ ਐ।
ਫਿਰਦੇ ਨੇ ਚਾਈਂ ਚਾਈਂ ਲੱਡੂ ਵੰਡਦੇ ਤੇ ਕੜਾਹੀਆਂ ਚਾੜ੍ਹੀਆਂ।
ਪੱਤਿਆਂ ਦੇ ਵਾਂਗ ਸੀ ਜੁ ਕੱਲ੍ਹ ਕੰਬਦੇ ਮਾਰਦੇ ਨੇ ਤਾੜੀਆਂ।
ਵੈਰੀਆਂ ਦੇ ਘਰੀਂ ਹੋਈ ਜੱਗਮਗ ਜੀ ਸਿੱਖਾਂ ਦੇ ਹਨੇਰ ਸੀ।
ਆਪਣੇ ਕਮਾਉਂਦੇ ਨਾ ਜੇ ਦਗੇਬਾਜ਼ੀਆਂ ਸੌਂਵਣਾ ਨਾ ਸ਼ੇਰ ਸੀ।
-----------------------------------

*****

ਸਿੱਖ ਕੌਮ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਹੁੰ ਵਰਣਾਂ ਹੀ ਨਹੀਂ ਚਹੁੰ ਕੂਟਾਂ ਵਿੱਚ ਵਸਦੇ ਸੰਸਾਰ ਦੇ ਹਰ ਪ੍ਰਾਣੀ ਮਾਤਰ ਲਈ ਖੁੱਲ੍ਹੇ ਹਨ। ਇੱਥੋਂ ਹਰ ਸੁਬ੍ਹਾ-ਸ਼ਾਮ ਸਰਬੱਤ ਦੇ ਭਲੇ ਲਈ ਅਰਦਾਸ ਗੁਜ਼ਾਰੀ ਜਾਂਦੀ ਹੈ। ਇਸ ਦੇ ਸਾਹਵੇਂ ਸਥਿਤ ਸ੍ਰੀ ਅਕਾਲ ਤਖਤ ਨੇ ਖਾਲਸਾ ਪੰਥ ਨੂੰ ਸਦਾ ਮਜ਼ਲੂਮਾਂ ਨੂੰ ਗਲੇ ਲਗਾਣ ਤੇ ਜ਼ਾਲਮਾਂ ਨੂੰ ਸੋਧਣ ਦਾ ਪੈਗ਼ਾਮ ਦਿੱਤਾ ਹੈ। ਪੰਥ ਨੇ ਆਪਣੇ ਇਸ ਪਵਿੱਤਰ ਅਸਥਾਨ 'ਤੇ ਚੜ੍ਹਾਈ ਕਰਨ ਵਾਲੇ ਹਰ ਹਮਲਾਵਰ ਨੂੰ ਕਰਾਰੇ ਹੱਥ ਵਿਖਾਏ ਹਨ। ਜੂਨ, 1984 ਦੇ ਹਮਲੇ ਨਾਲ ਹਿੰਦ ਸਰਕਾਰ ਨੇ ਜੋ ਭਾਜੀ ਸਿੱਖ ਕੌਮ ਦੇ ਸਿਰ ਚਾੜ੍ਹੀ ਹੈ, ਆਪਣੀ ਸ਼ਾਨਦਾਰ ਪਰੰਪਰਾ ਤੇ ਤੁਰਦਾ ਖਾਲਸਾ ਪੰਥ ਇਸ ਨੂੰ ਜ਼ਰੂਰ ਮੋੜੇਗਾ :-

ਹੱਸੀ ਖੇਡ ਸ਼ਿਕਾਰ ਤੂੰ ਦਿੱਲੀਏ ਬਦਕਾਰੇ।
ਹੁਣ ਬੈਠ ਨਜਿੱਠੀਂ ਮਾਮਲੇ ਜੁ ਪਾਏ ਭਾਰੇ।
ਜਿਸ ਜਿਸ ਪੰਥ ਵੰਗਾਰਿਆ ਉਹ ਗਿਆ ਨਾ ਸੁੱਕਾ।
ਐਨ੍ਹ ਹਿਸਾਬ ਨਿਬੇੜਦੇ ਸਿੰਘ ਉੱਕਾ ਪੁੱਕਾ।
ਇਸ ਧਰਤੀ ਲਈ ਖਾਲਸੇ ਸੀ ਰੱਤ ਵਹਾਈ।
ਫੜਕਣ ਦਿੱਤੀ ਚਿੜੀ ਨਾ ਸਿਰ ਧੜ ਦੀ ਲਾਈ।
ਹੁਣ ਟੱਕਰੂਗਾ ਖਾਲਸਾ ਕਰ ਹੱਥ ਕਰਾਰੇ।
(ਸਿੰਘ) ਗਿਣ ਗਿਣ ਬਦਲੇ ਲੈਣਗੇ ਦਿੱਲੀਏ ਮੱਕਾਰੇ।
ਜਾਨਾਂ ਹੂਲੀਆਂ ਖਾਲਸੇ ਤੇਰੀ ਪੱਤ ਬਚਾਈ।
ਤੂੰ ਪਰ ਪੱਗ ਪੰਜਾਬ ਦੇ ਹੈ ਸਿਰ ਤੋਂ ਲਾਹੀ।
ਤੂੰ ਸਨ ਵੋਟਾਂ ਵੇਖੀਆਂ ਇਹ ਕੀਤਾ ਜ਼ੇਰਾ।
ਪਰ ਇੱਜੜ ਲਈ ਹੋਂਵਦਾ ਇਕ ਸ਼ੇਰ ਬਥੇਰਾ।



ਖੜਗ ਭੁਜਾ ਪੰਜਾਬ ਹੈ ਤੈਂ ਆਪੇ ਵੱਢੀ।
ਆਪ ਵਿਹਾਝੀ ਮੌਤ ਤੈਂ ਕੋਈ ਕਸਰ ਨਾ ਛੱਡੀ।
ਭੈ ਨਾ ਦੇਵੇ ਖਾਲਸਾ ਨਾ ਹੀ ਭੈ ਮੰਨੇ।
ਹੈਂਕੜ ਖੱਬੀ-ਖਾਨ ਦੀ ਰੱਖ ਗੋਡਾ ਭੰਨੇ।
ਤੂੰ ਅਣਖ ਵੰਗਾਰੀ ਪੰਥ ਦੀ ਹੋਵਣਗੇ ਲੇਖੇ।
ਹੋਣੀਆਂ ਹੁਣ ਅਣਹੋਣੀਆਂ ਕੁਲ ਆਲਮ ਵੇਖੇ।
ਪੰਥ ਜਿਉਂਦਾ ਜਾਗਦਾ ਇਸ ਜਿਉਂਦੇ ਰਹਿਣਾ।
ਢਹਿਣਾ ਤਖ਼ਤ ਅਕਾਲ ਨਹੀਂ, ਘਰ ਤੇਰਾ ਢਹਿਣਾ।
ਅਸੀਂ ਪੁੱਤ ਗੁਰੂ ਗੋਬਿੰਦ ਦੇ ਉਹਦਾ ਹੁਕਮ ਵਜਾਉਣਾ।
ਅਸੀਂ ਆਢਾ ਲਾਉਣਾ ਜ਼ੁਲਮ ਨਾਲ ਨਹੀਂ ਸੀਸ ਝੁਕਾਉਣਾ।
ਬੇਸ਼ੱਕ ਹੋਵੇ ਦੇਰ ਕੁਝ ਅਸੀਂ ਕਰਜ਼ਾ ਲਾਹੁਣਾ।
ਲਾਲ ਕਿਲ੍ਹੇ ਤੇ ਕੇਸਰੀ ਝੰਡਾ ਲਹਿਰਾਉਣਾ।
-----------------------------------

*****

ਬਾਰੰਬਾਰ ਪ੍ਰਣਾਮ ਹੈ ਉਹਨਾਂ ਬਹਾਦਰ ਯੋਧਿਆਂ ਨੂੰ ਜਿਹਨਾਂ ਕੌਮ ਦੀ ਅਣਖ ਤੇ ਆਨ ਲਈ ਆਪਣੀ ਚਰਬੀ ਦੇ ਚਿਰਾਗ ਬਾਲ ਕੇ ਕੌਮ ਦੇ ਸੁਨਹਿਰੀ ਭਵਿੱਖ ਲਈ ਇਸ ਦੇ ਰਾਹ ਰੁਸ਼ਨਾਣ ਹਿਤ ਆਪਾ ਨਿਛਾਵਰ ਕੀਤਾ ਹੈ :-

ਲੱਖ ਵਾਰ ਪ੍ਰਣਾਮ ਪ੍ਰਵਾਨਿਆਂ ਨੂੰ,
ਜਿਹਨਾਂ ਸ਼ਾਨ ਚਮਕਾਈ ਹੈ ਖਾਲਸੇ ਦੀ।
ਸੀਸ ਤਲੀ ਧਰ ਲੜੇ ਜੁ ਧਰਮ ਖਾਤਰ,
ਜਿਹਨਾਂ ਰੱਖ ਵਿਖਾਈ ਹੈ ਖਾਲਸੇ ਦੀ।
ਆਪ ਸੁੱਤੇ ਨੇ ਲੰਮੀਆਂ ਤਾਣ ਭਾਵੇਂ,
ਸੁੱਤੇ ਕੌਮ ਜਗਾਈ ਹੈ ਖਾਲਸੇ ਦੀ।
ਫੇਰ ਜਦੋਂ ਹਰਿਮੰਦਰ ਤੇ ਹੋਇਆ ਹਮਲਾ,
ਜਿਹਨਾਂ ਭਾਜੀ ਪਹੁੰਚਾਈ ਹੈ ਖਾਲਸੇ ਦੀ।
ਕੀ ਜੇ ਫ਼ਤਹਿ ਬੁਲਾਇਕੇ ਵਿਦਾ ਹੋ ਗਏ
ਦਿਲ ਵਿਚ ਕੌਮ ਨੇ ਉਹਨਾਂ ਬਿਠਾਵਣਾ ਏਂ।
ਕੌਮ ਜਦੋਂ ਵੀ ਗੁਜ਼ਰੀ ਹਨੇਰਿਆਂ 'ਚੋਂ
ਉਹਨਾਂ ਸੂਰਜਾਂ ਰਾਹ ਰੁਸ਼ਨਾਵਣਾ ਏਂ।

ਬੋਲੇ ਸੋ ਨਿਹਾਲ!
ਸਤਿ ਸ੍ਰੀ ਅਕਾਲ!!

## ਮੌਸਮ ਮੌਸਮ ਦੀ ਗੱਲ

ਇਹ ਬਹੁਤ ਦੇਰ ਪਹਿਲੋਂ ਦੀ ਗੱਲ ਹੈ
ਜਦੋਂ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਲੱਗਦੇ ਸਨ।
ਤੇ ਭੋਰਾ ਕੁ ਫੀਮ ਖਾ ਕੇ ਗਾਮੇ ਅਮਲੀ ਨੂੰ
ਸਾਰਾ ਦਿਨ ਪਿੰਡ 'ਚ ਕੁੱਤੀ ਭੌਂਕਦੀ ਨਹੀਂ ਸੀ ਸੁਣਦੀ!!
ਉਦੋਂ ਸ਼ਾਮੇ ਕਾਨੂੰਨੀ ਦੀ ਸੱਥ 'ਚ ਕਹੀ ਗੱਲ
ਪੱਥਰ 'ਤੇ ਲੀਕ ਹੁੰਦੀ ਸੀ।
ਤੇ ਬਾਬੇ ਖੇਮੇ ਦਾ ਖੂੰਡਾ ਪਿੰਡ 'ਚ
'ਕਲਫੂ-ਆਡਰ' ਤੋਂ ਵੱਧ ਅਸਰ ਰੱਖਦਾ ਸੀ!!!
ਨਾਲੇ ਜੈਕੁਰ ਸਰਪੰਚਾਂ ਦੀ ਬਿਨਾਂ, ਕੋਈ ਮੁਕਾਣ ਮੁਕਾਣ ਨਹੀਂ ਸੀ ਹੁੰਦੀ
ਤੇ ਬਿੱਲੂ ਢੀਠਾਂ ਦੇ ਬਿਨਾਂ ਕੋਈ ਜੰਝ ਸੰਪੂਰਨ ਨਹੀਂ ਸੀ ਥੀਂਦੀ!!
ਉਦੋਂ ਹਰੀ ਸਾਧ ਦੀ ਬਗਲੀ ਵੀਹੀ ਵਿਚ ਵੜਦੀ ਸੀ
ਤਾਂ ਭੜੋਲੀਆਂ 'ਚੋਂ ਆਟਾ ਆਪਣੇ ਆਪ ਸਰਕ ਤੁਰਦਾ ਸੀ!!
ਉਦੋਂ ਤਾਂ ਸੱਚ! ਇੰਦਰ ਦੇਵਤਾ ਵੀ ਟਿੱਬੀ ਵਾਲੇ ਸਾਧ ਦੇ ਕਹੇ ਲਗਦਾ ਸੀ
ਤੇ ਰੌੜ ਵਾਲੇ ਬੁੱਢੇ ਪਿੱਪਲ ਦੀਆਂ ਜੜ੍ਹਾਂ 'ਚ ਪਈ
ਕੱਚੀ ਲੱਸੀ ਨਾਲ ਸਾਰੇ ਪਿੰਡ ਦੇ ਗਰੌਹ ਟਲ ਜਾਂਦੇ ਸਨ
ਉਦੋਂ ਝਿੜੀ ਦੀ ਢਾਬ 'ਚ ਲਗਦੇ ਮੇਲੇ 'ਤੇ
ਜਦੋਂ ਦੇਸੀ ਦਾਰੂ ਬੁਕਦੀ ਸੀ
ਤਾਂ ਗੰਡਾਸੇ ਪੁਲਸ ਨੂੰ ਦੰਦੀਆਂ ਚਿੜਾਉਂਦੇ ਸਨ
ਕਦੇ ਕਦੇ.....'ਠਾਣੇ' ਪੇਸ਼ ਜਾ ਹੁੰਦੇ ਸਨ!
ਪਰ ਇਹ ਸਭ ਕੁਝ ਤਾਂ ਬਹੁਤ ਦੇਰ ਪਹਿਲਾਂ ਦੀ ਗੱਲ ਹੈ
ਹੁਣ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਨਹੀਂ
ਹੈਂਡ ਗ੍ਰਨੇਡ ਲੱਗਦੇ ਹਨ।
ਤੇ ਗਾਮੇ ਅਮਲੀ ਨੂੰ ਸਭ ਕੁਝ ਖਾ ਕੇ ਵੀ
ਦਿੱਲੀ ਦੀ ਕੁੱਤੀ ਭੌਂਕਦੀ ਸੁਣਦੀ ਹੈ
ਹੁਣ ਸ਼ਾਮੇ ਕਾਨੂੰਨੀ ਦੀ ਗੱਲ ਦੀ ਸੱਥ 'ਚ ਸ਼ਰ੍ਹੇਆਮ ਖਿੱਲੀ ਉੱਡਦੀ ਹੈ
ਤੇ ਬਾਬੇ ਖੇਮੇ ਦਾ ਖੂੰਡਾ ਸਰਕਾਰੀ ਕਰਫਿਊ ਆਰਡਰ ਨੂੰ ਦੰਦੀਆਂ ਚਿੜਾਉਂਦਾ
ਪਤਾ ਨਹੀਂ ਕਿਸ ਤਾਕ ਵਿਚ ਕਿਹੜੇ ਰਿਸ਼ਤੇਦਾਰ ਦੇ ਘਰ
ਚੜ੍ਹਿਆ ਬੈਠਾ ਹੈ!!!
ਜੈਕੁਰ ਸਰਪੰਚਾਂ ਦੀ ਤੇ ਬਿੱਲੂ ਢੀਠਾਂ ਦਾ



ਗੁਰੂ ਅਰਜਨ ਦੇਵ ਦੀ ਸ਼ਹੀਦੀ 'ਤੇ
'ਅੰਬਰਸਰ' 'ਸ਼ਨਾਨ' ਕਰਨ ਗਏ
ਦਰਬਾਰ ਸਾਹਿਬ ਪਰਿਕਰਮਾਂ 'ਚ ਬੇਦੋਸ਼ੇ ਤੇ ਨਿਹੱਥੇ ਮਾਰੇ ਗਏ ਹਨ
ਤੇ ਹਰੀ ਸਾਧ ਦੀ ਬਗਲੀ 'ਚ ਵੀ
ਵੀਹਾਂ 'ਚ ਫਿਰਦੀ ਮਲੱਟਰੀ ਨੇ ਬਰੂਦ ਰਲਾ ਦਿੱਤਾ ਹੈ
ਹੁਣ ਟਿੱਬੀ ਵਾਲੇ ਸਾਧ ਦੇ ਇੰਦਰ ਦੇਵਤਾ ਤਾਂ ਕੀ
ਪਿੰਡ ਦਾ ਛੋਕਰ-ਵਾਧਾ ਵੀ ਕਹੇ ਨਹੀਂ ਲੱਗਦਾ
ਸਗੋਂ ਉਸਦੇ ਢੀਮਾਂ ਮਾਰਨ ਲਈ ਤੱਤਪਰ ਹੈ!!
ਕਿਉਂਕਿ ਪਿੰਡ ਦਾ ਖੰਡੇ ਵਰਗਾ ਗਿਆਨੀ
ਉਹਨਾਂ ਨੂੰ ਖੰਡੇ ਦੀ ਪਾਹੁਲ ਦਾ ਕਰਿਸ਼ਮਾ ਦਿਖਾ ਕੇ
ਤੁਰ ਗਿਆ ਹੈ!!!
ਤੇ ਰੌੜ ਵਾਲੇ ਪਿੱਪਲ ਦੀਆਂ ਜੜ੍ਹਾਂ ਕੱਚੀ ਲੱਸੀ ਨਾਲ ਨਹੀਂ
ਸਗੋਂ ਪਿੰਡ ਦੇ ਨਵੇਂ ਸਜਕੇ ਆਏ ਸਿੰਘਾਂ ਦੇ ਖੂਨ ਨਾਲ ਰੰਗੀਆਂ ਪਈਆਂ ਹਨ
ਪਰ ਸਾਰੀ ਕੌਮ ਦੇ ਗ੍ਰੌਹ ਅਜੇ ਉਵੇਂ ਦੇ ਉਵੇਂ ਪਲਦੇ ਹਨ
ਤੇ ਗ਼ਦਾਰ ਲੀਡਰਾਂ ਦੇ ਬੱਜਰ ਪਾਪ ਉਸ ਨਾਲ ਹੁਣ ਤੱਕ ਭੋਰਾ ਨਹੀਂ ਟਲਦੇ
ਉਦੋਂ ਝਿੜੀ ਦੀ ਢਾਬ 'ਚ ਲਗਦੇ ਮੇਲੇ 'ਚ
ਦੇਸੀ ਦਾਰੂ ਬੁਕਦੀ ਸੀ
ਤਾਂ ਗੰਡਾਸੇ ਪੁਲਸ ਨੂੰ ਦੰਦੀਆਂ ਚਿੜ੍ਹਾਉਂਦੇ
ਕਦੇ ਕਦੇ ਥਾਣੇ ਜਾ ਪੇਸ਼ ਹੁੰਦੇ ਸਨ
ਪਰ ਹੁਣ ਪਿੰਡ ਦੇ ਬੱਕਰੀਆਂ ਚਾਰਦੇ ਤਾਰੂ ਹੋਰੀਂ
ਜਦੋਂ ਦੇ ਅੰਬਰਸਰੋਂ ਅੰਮ੍ਰਿਤ ਛਕ ਕੇ ਮੁੜੇ ਹਨ
ਤਾਂ ਗੰਡਾਸੇ ਕਿਰਪਾਨਾਂ 'ਚ ਢਲਕੇ
ਸਟੇਨਗੰਨਾਂ 'ਚ ਬਦਲ ਗਏ ਹਨ
ਤੇ ਪਹਿਲੇ ਨੰਬਰ ਦੀ ਕੰਜਰੀ ਦੇ ਸਿਰ ਤੇ ਤਲਵਾਰਾਂ ਬਣਕੇ ਲਟਕਦੇ ਹਨ
ਤੇ ਉਡੀਕਦੇ ਹਨ ਕਿ
ਜੇ ਛੜਿਆਂ ਦੇ ਵਿਹੜੇ ਨਿੰਮ ਨੂੰ ਪਤਾਸੇ ਲੱਗਣ ਦਾ ਮੌਸਮ
ਹੈਂਡ ਗ੍ਰਨੇਡਾਂ ਵਿਚ ਵਟ ਸਕਦਾ ਹੈ
ਤਾਂ ਇਹ ਮੌਸਮ
ਕਿਸੇ ਕੁਰਸੀ ਦੀ ਪਿੱਠ 'ਚ ਜੜੇ ਤਾਜ ਨੂੰ
ਆਪਣੇ ਸਿਰ 'ਤੇ ਰੱਖਣ 'ਚ ਵੀ ਵਟ ਸਕਦਾ ਹੈ!

## ...ਹੁਣ ਤਲਾਸ਼ ਹੈ

ਪੰਚਮ ਪਾਤਸ਼ਾਹ!
ਸਾਡੇ ਬਾਬੇ ਬੁੱਢੇ
ਤੇ ਮੀਆਂ ਮੀਰ ਨੂੰ ਕਹਿਣਾ
ਕੋਈ ਫ਼ਿਕਰ ਨਾ ਕਰਨ!
ਤੇ ਇਸ ਅਗਨ-ਰੁੱਤ ਨੂੰ ਤੱਕ ਕੇ
ਐਵੇਂ ਕੋਈ ਸਰਦ ਆਹ ਨਾ ਭਰਨ!!
ਅਸੀਂ ਉਹਨਾਂ ਦੇ ਪੋਤਰੇ
ਜਿਉਂਦੇ-ਜਾਗਦੇ ਹਾਂ
ਤੇ ਜਾਗਦੇ ਰਹਾਂਗੇ!!!
ਅਸੀਂ ਸੁੱਚੇ ਹਰਿਮੰਦਰ ਚੋਂ ਝਰਦੀ
ਚਾਨਣੀ ਆਸਰੇ ਤੁਰਾਂਗੇ
ਹਨੇਰੇ ਝਾਗਦੇ ਰਹਾਂਗੇ!!!!

ਤੇ ਦੱਸਣਾ
ਕਿ ਹਜ਼ਰਤ ਮੀਆਂ ਮੀਰ!
ਤੇਰੇ ਪਵਿੱਤਰ ਹੱਥਾਂ ਦੀਆਂ
ਸੋਨ-ਮੰਦਰ ਲਾਈਆਂ
ਸੁੱਚੀਆਂ ਇੱਟਾਂ ਨੂੰ ਉਖਾੜਨ ਲਈ
ਉਹਨਾਂ ਕਿਸੇ ਜ਼ਰ-ਖਰੀਦ ਇਜ਼ਹਾਰ ਆਲਮ
ਨੂੰ ਵਰਤਣ ਮਗਰੋਂ
ਇੱਥੇ ਇਕ ਬੇਜ਼ਮੀਰ ਸਿਹੁੰ ਨੂੰ
ਤਾਇਨਾਤ ਕਰ ਦਿੱਤਾ ਹੈ।
ਤੇ ਉਸ ਵਲੋਂ ਕੀਤੀ ਜਾਣ ਵਾਲੀ
ਇਕ ਵਸ਼ਿਸ਼ਟ-ਸੇਵਾ ਬਦਲੇ
ਉਸ ਦੇ ਮੋਢੇ ਤੇ ਅੰਦਰਖ਼ਾਤੇ ਅਗਾਊਂ ਹੀ
ਕੋਈ ਬੇਸ਼ਰਮ ਫ਼ੀਤੀ ਲਾ ਦਿੱਤੀ ਹੈ
ਤੇ ਉਸਦੀ ਗੀਦੀ ਹਿੱਕ ਤੇ
ਕੋਈ ਲੁੱਚਾ ਤਮਗ਼ਾ ਧਰ ਦਿੱਤਾ ਹੈ!



ਸੱਚੇ ਪਾਤਸ਼ਾਹ!
ਪਰ ਦੋਹਾਂ ਬਾਬਿਆਂ ਨੂੰ ਆਖਣਾ
ਕਿ ਹਰਿਮੰਦਰ ਦੇ ਚਾਰ ਦਰਵਾਜ਼ੇ
ਚਹੁੰ-ਕੂੰਟੀਂ ਚੁਪੱਟ ਖੁੱਲ੍ਹੇ ਹਨ
ਇੱਥੇ ਭਾਵੇਂ ਕੋਈ ਸੁੰਦਰਜੀ ਚੜ੍ਹ ਆਵੇ
ਜਾਂ ਰਿਬੈਰੋ
ਇਜ਼ਹਾਰ ਆਲਮ ਚੜ੍ਹ ਆਵੇ

ਅਸੀਂ ਬੜੇ ਖਲੂਸ ਨਾਲ
ਉਸਦਾ ਸੁਆਗਤ ਕਰਾਂਗੇ।
ਅਸੀਂ ਸੁੱਚੇ ਹਰਿਮੰਦਰ ਦੀ ਅਜ਼ਮਤ ਲਈ
ਭੁੱਖੇ-ਪਿਆਸੇ ਵੀ ਜਾਨਾਂ ਹੂਲ ਕੇ ਲੜਾਂਗੇ!
ਕਰਾਰੇ ਹੱਥੀਂ ਉਸ ਨਾਲ ਸਿੱਝਾਂਗੇ
ਹੱਸ ਹੱਸ ਕੇ ਸੀਸ ਤਲੀ ਤੇ ਧਰਾਂਗੇ!!

ਪੰਚਮ ਪਾਤਸ਼ਾਹ!
ਗੁਰੂ ਰਾਮਦਾਸ ਦੀ ਨਗਰੀ ਤਾਂ
ਪਹਿਲਾਂ ਵਾਂਗ ਹੀ ਘੁੱਗ ਵੱਸਦੀ ਹੈ
ਅੱਖਾਂ ਵਿਚ ਹੰਝ ਲੈ ਕੇਵੀ ਹੱਸਦੀ ਹੈ!!
ਫ਼ਰਕ ਬਸ ਏਨਾ ਹੈ ਕਿ
ਇਸਦੀਆਂ ਗਲੀਆਂ ਵਿਚ
ਚਾਈਂ-ਚਾਈਂ ਤੁਰਦੀਆਂ ਸੰਗਤਾਂ ਥਾਂਵੇਂ ਹੁਣ
ਪੈਰਾ-ਮਿਲਟਰੀ ਦਗੜ-ਦਗੜ ਕਰਦੀ ਦਨਦਨਾਂਦੀ ਹੈ!
ਤੇ ਅੰਮ੍ਰਿਤ ਵੇਲੇ ਕੋਈ ਗੋਲੀ
ਕਿਸੇ ਨਿੱਤ-ਨੇਮ ਕਰਦੇ ਮਾਸੂਮ
ਦੀ ਹਿੱਕ ਨੂੰ ਚੀਰ ਜਾਂਦੀ ਹੈ!!

ਸੱਚੇ ਪਾਤਸ਼ਾਹ!
ਹੋਰ 'ਸਭ ਹੱਛਾ' ਹੈ
ਤੇਰਾ ਭਾਣਾ ਮਿੱਠਾ ਕਰਕੇ
ਮੰਨ ਰਹੇ ਹਾਂ।
ਹਨੇਰੇ ਦੇ ਦੌਰ 'ਚੋਂ

ਦਗ਼ਦੀਆਂ ਅੱਖਾਂ ਨਾਲ
ਗੁਜ਼ਰ ਰਹੇ ਹਾਂ।
ਤੇਰਾ ਦਿੱਤਾ ਸੱਭੋ ਕੁਝ ਹੈ
ਪਰ ਇਹਨੀਂ ਦਿਨੀਂ ਸਾਨੂੰ
84 'ਚ ਗੁਆਚੇ
ਆਪਣੇ ਸੰਤ ਜਰਨੈਲ ਸਿੰਘ
ਦਾ ਵਿਗੋਚਾ
ਬੜਾ ਮਹਿਸੂਸ ਹੁੰਦਾ ਹੈ।

❖❖



## ਦੋ ਗੱਲਾਂ-ਕੌਮ ਦੇ ਯੋਧੇ-ਜਰਨੈਲ ਨਾਲ !

ਸੁਣੀਂ ਸੁੱਤਿਆ ਸ਼ੇਰ ਜਰਨੈਲ ਸਿੰਘਾ ਤੈਨੂੰ ਝੂਣ ਕੇ ਫੇਰ ਜਗਾਉਂਣ ਲੱਗਿਆਂ!
ਦਸਤਕ ਤੇਰੇ ਦਰਵਾਜ਼ੇ ਦੇਹ ਦਰਦਮੰਦਾ-ਤੈਨੂੰ ਕੌਮ ਦਾ ਦਰਦ ਸੁਣਾਉਂਣ ਲੱਗਿਆਂ।
ਰਿਸਦਾ ਪਿਆ ਹੈ ਜੋ ਨਾਸੂਰ ਬਣ ਕੇ ਤੈਨੂੰ ਸੀਨੇ ਦਾ ਜ਼ਖਮ ਦਿਖਾਉਂਣ ਲੱਗਿਆਂ।
ਜਿਹੜੀ ਕੌਮ ਲਈ ਹੱਸ ਕੁਰਬਾਨ ਹੋਇਓਂ ਉਹਦੇ ਹਾਲ ਤੇ ਹੰਝੂ ਵਹਾਉਂਣ ਲੱਗਿਆਂ।
ਸੋਹੀਆਂ ਕਲ੍ਹ ਸਰਦਾਰੀਆਂ ਨਾਲ ਤੇਰੇ ਤੇਰੇ ਬਾਝ ਅੱਜ ਖੱਜਲ਼-ਖੁਆਰੀਆਂ ਨੇ!
ਬਾਝ ਤੇਰੀ ਕਮਾਨ ਜਰਨੈਲ ਸਿੰਘਾ-ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ!!

ਤੂੰ ਸੈਂ ਪੁੱਤ ਦਸਮੇਸ਼ ਦਾ ਸ਼ੇਰ ਦੂਲਾ ਜਿਸਨੇ ਸ਼ਾਨ ਚਮਕਾਈ ਸੀ ਖਾਲਸੇ ਦੀ।
ਆਪ ਸੌਂ ਗਿਓਂ ਲੰਮੀਆਂ ਤਾਣ ਭਾਵੇਂ ਸੁੱਤੀ ਕੌਮ ਜਗਾਈ ਸੀ ਖਾਲਸੇ ਦੀ।
ਖੇਡ ਗਿਆ ਤੂੰ ਆਪਣੀ ਜਾਨ ਉਤੇ ਗ਼ੈਰਤ ਰੱਖ ਵਿਖਾਈ ਸੀ ਖਾਲਸੇ ਦੀ।
ਗੂੰਜੇ ਫ਼ਿਜ਼ਾ ਵਿਚ ਸਿੱਖੀ ਦੇ ਬੋਲਬਾਲੇ ਮੁੜ ਕੇ ਭੱਲ ਬਣਾਈ ਸੀ ਖਾਲਸੇ ਦੀ।
ਕਿਹੜੇ ਦੁਸ਼ਮਣਾਂ ਤੈਨੂੰ ਸੀ ਮਾਰ ਲੈਣਾ ਅਸੀਂ ਤੇਰੇ ਹੀ ਤੈਨੂੰ ਜੇ ਮਾਰਦੇ ਨਾ!
ਦਿੱਲੀ ਰਹਿੰਦੀ ਅੰਗਿਆਰਿਆਂ ਸਦਾ ਤੁਰਦੀ ਤੈਨੂੰ ਆਪਣੇ ਹੀ ਜੇਕਰ ਠਾਰਦੇ ਨਾ!!

ਪਾਪੀ ਪਰਬਤਾਂ ਨੂੰ ਕਾਂਬਾ ਛੇੜਿਆ ਤੂੰ, ਤੂੰ ਸੀ ਦੁਸ਼ਮਣਾਂ ਲਈ ਲਲਕਾਰ ਬਣਿਆ।
ਜੇਕਰ ਝੁਕੀ ਤਾਂ ਝੁਕੀ ਸਰਕਾਰ ਕਦਮੀਂ ਕਦੇ ਤੂੰ ਨਾ ਤਬਿਆਦਾਰ ਬਣਿਆ।
ਤੇਰਾ ਆਰ-ਪ੍ਰਵਾਰ ਸੀ ਪੰਥ ਸਾਰਾ ਫ਼ੱਕਰ ਤੂੰ ਸੀ! ਸ਼ਾਹ-ਸਵਾਰ ਬਣਿਆ।
ਬਣਿਆ ਢਾਲ ਮਜ਼ਲੂਮ ਦੀ ਸ਼ੇਰ-ਮਰਦਾ! ਜ਼ਾਲਮ ਵਾਸਤੇ ਤੇਜ਼-ਤਲਵਾਰ ਬਣਿਆ।
ਤੂੰ ਸੈਂ ਇਕ ਨਲੂਆ ਤੂੰ ਸੈਂ ਇਕ ਬੰਦਾ, ਤੂੰ ਪਰ ਰਾਜ ਨਹੀਂ ਮੰਗਿਆ ਵੰਸ਼ ਖਾਤਰ!
ਤੇਰਾ ਜੀਣ ਵੀ ਸੀ ਗ੍ਰੰਥ-ਪੰਥ ਖਾਤਰ ਤੇਰਾ ਮਰਨ ਵੀ ਸੀ ਗ੍ਰੰਥ-ਪੰਥ ਖਾਤਰ!!

ਤੂੰ ਤੇ ਕੁਰਸੀ ਨੂੰ ਕੱਖ ਵੀ ਸਮਝਿਆ ਨਾ ਆ ਕੇ ਸਾਡਾ ਵੀ ਅੱਜ ਕਿਰਦਾਰ ਵੇਖੀਂ।
ਖੋਲ਼ੇਂ ਆਪਣੇ ਦੀ ਲਈ ਸਾਰ ਨਾ ਤੂੰ ਜ਼ਰਾ ਸਾਡੇ ਵੀ ਆਣ ਘਰ-ਬਾਰ ਵੇਖੀਂ।
ਪੰਥ ਪਹਿਲੋਂ ਸੀ ਤੈਨੂੰ ਪ੍ਰਵਾਰ ਨਾਲੋਂ, ਸਾਡਾ ਨਾਲ ਪ੍ਰਵਾਰ ਪਿਆਰ ਵੇਖੀਂ।
ਤੂੰ ਤਾਂ ਸੰਗਤਾਂ ਦੇ ਜੋੜੇ ਝਾੜਦਾ ਸੈਂ ਜ਼ਰਾ ਸਾਡਾ ਵੀ ਕਿਬਰ-ਹੰਕਾਰ ਵੇਖੀਂ।
ਪੱਗ ਬੰਨ੍ਹੀ ਤੂੰ ਕੌਮ ਦੇ ਸੀਸ ਉਤੇ ਤੇਰੀ ਬੰਨ੍ਹੀ ਵੀ ਅਸੀਂ ਹਾਂ ਢਾਈ ਜਾਂਦੇ!
ਮਾਣ ਉਘ੍ਹਰਦਾ ਸੀ ਤੈਨੂੰ ਕੌਮ ਕੋਲੋਂ ਇਕ ਅਸੀਂ ਹਾਂ ਮਾਇਆ ਉਘ੍ਹਰਾਈ ਜਾਂਦੇ!!

ਦਸਮ ਪਿਤਾ ਦੇ ਸੰਤ-ਸਿਪਾਹੀ ਪੁੱਤਾ! ਆ ਜਾ ਦੇਖ ਕੀ ਖੇਹ ਉਡਾ ਰਹੇ ਹਾਂ।
ਤੁਰਨਾ ਕਿਹਾ ਤੂੰ ਇਕ ਨਿਸ਼ਾਨ ਥੱਲੇ ਜਿਧਰ ਮੂੰਹ ਆਉਂਦਾ ਉਧਰ ਜਾ ਰਹੇ ਹਾਂ।
ਧੜੇ ਸਿਰਜ ਕੇ ਧੜਾਂ ਦੀ ਲਾ ਬਾਜ਼ੀ ਬਿਨਾਂ ਸਿਰਾਂ ਤੋਂ ਵੀ ਲੜੀ ਜਾ ਰਹੇ ਹਾਂ।
ਸਾਡੇ ਸਿਦਕ ਦੀ ਵੇਖ ਲੈ ਹੱਦ ਮੁੱਕੀ ਆਪੋ ਵਿਚ ਤਲਵਾਰਾਂ ਵੀ ਵਾਹ ਰਹੇ ਹਾਂ।
'ਸਿਰ ਜਾਏ ਤਾਂ ਜਾਏ, ਨਾ ਜਾਏ ਸਿੱਖੀ' ਸੀ ਇਹ ਸੀ ਭੋਲਿਆ ਤੇਰੀ ਜ਼ੁਬਾਨ ਉਤੇ!
ਜਾਵੇ ਸਿਰ ਪਰ ਕੁਰਸੀ ਨਹੀਂ ਜਾਣ ਦਿੰਦੇ ਪਿਰਤ ਪਾਉਂਨੇ ਹਾਂ ਨਵੀਂ ਜਹਾਨ ਉਤੇ!!

ਚੋਣ ਲੜਾਂਗੇ ਕਰਾਂਗੇ ਚਾਅ ਪੂਰੇ ਰਾਜ ਕਰਾਂਗੇ ਅਸੀਂ ਪੰਜਾਬ ਉਤੇ।
ਅਸੀਂ ਸਿੰਘ ਬੇਦਾਵਾ ਉਹ ਲਿਖਣ ਵਾਲੇ ਮੁੜਨਾ ਨਹੀਂ ਖਿਦਰਾਣੇ ਦੀ ਢਾਬ ਉਤੇ।
ਮੂਰਖ ਹਨ ਤਲਵਾਰ ਜੋ ਹੱਥ ਰੱਖਣ ਹੱਥ ਰਖਣੈਂ ਅਸੀਂ ਰਬਾਬ ਉਤੇ।
ਝੰਡੀ ਵਾਲ਼ੜੀ ਕਾਰ ਦਾ ਠਰਕ ਸਾਨੂੰ ਧਰਨਾ ਪੈਰ ਨਹੀਂ ਮੂਲ ਰਕਾਬ ਉਤੇ।
ਦਸਮ ਪਿਤਾ ਨੇ ਡੇਗਣੈਂ, ਜਾਣਦੇ ਹਾਂ ਐਪਰ ਚੰਮ ਦੀਆਂ ਅਸਾਂ ਚਲਾ ਦਿਆਂਗੇ!
ਸਾਨੂੰ ਪੰਥ ਦੀ ਪੜੀ-ਪ੍ਰਵਾਹ ਕੋਈ ਨਹੀਂ, ਅਸੀਂ ਆਪਣੀ ਹਿੰਡ ਪੁਗਾ ਦਿਆਂਗੇ!!

ਮੇਰੇ ਅਤੇ ਅਵਾਮ ਦੇ ਮਹਿਬੂਬਾ, ਗੁਰੂ ਪੰਥ ਦੇ ਨਾਲ ਨਿਭਾਅ ਗਿਐਂ ਤੂੰ।
ਅਹਿਰਣ ਸੋਲ਼ਵੀਂ ਸਦੀ ਦਾ ਪਾ ਲੋਹਾ ਵੀਹਵੀਂ ਸਦੀ ਵਿਚ ਖੰਡਾ ਖੜਕਾ ਗਿਐਂ ਤੂੰ।
ਕਹਿਣ-ਕਰਨ ਦਾ ਕੇਰਾਂ ਸੁਮੇਲ ਕਰਕੇ ਚਮਤਕਾਰ ਇਹ ਕੇਹਾ ਵਰਤਾ ਗਿਐਂ ਤੂੰ।
ਹਮਲਾ ਹੋਵੇ ਦਰਬਾਰ ਤੇ ਕਿੱਧਰ ਤੁਰਨੈਂ? ਗੱਜ-ਵੱਜ ਕੇ ਇਹ ਸਮਝਾ ਗਿਐਂ ਤੂੰ।
ਹੁਣ ਜੇ ਤੁਰਾਂਗੇ ਅਸੀਂ ਨਾ ਰਾਹ ਤੇਰੇ, ਗੁਰੂ ਨਾਂ ਪੰਥ-ਪ੍ਰਵਾਰ ਦੇ ਹਾਂ!
ਸਮਾਂ ਦੱਸੇਗਾ ਕਲ੍ਹ ਜਰਨੈਲ ਸਿੰਘਾ! ਅਸੀਂ ਜਿੱਤਦੇ ਹਾਂ ਕਿ ਹਾਰਦੇ ਹਾਂ!!

❖❖



# ਦੁੱਖ-ਸੁੱਖ

**(ਮੌਜੂਦਾ ਸਿੱਖ-ਸੰਘਰਸ਼ ਦੇ ਇਕ ਸ਼ਹੀਦ-ਸਿੰਘ ਦੀ ਪਤਨੀ ਤੇ ਪੁੱਤਰੀ ਦਾ)**

ਧੀ- ਮੇਰੀਏ ਨੀ ਮਾਏ! ਮੇਰੇ ਦਿਲਾਂ ਦੀਏ ਮਹਿਰਮੇ!!
ਬੁੱਝ ਮੇਰੀ ਮੁੱਠੀ ਵਿਚ ਕੀ?
ਕੱਲੀ-ਕਾਰੀ ਕੂੰਜ ਵਾਂਗੂੰ ਓਹਦੀ ਜੀਹ ਫਿਰਾਂ
ਮਾਏ ਕਿਤੇ ਮੇਰਾ ਲਗਦਾ ਨਾ ਜੀ!
ਹਾਸਿਆਂ ਤੇ ਰੌਣਕਾਂ ਦੀ ਕੋਸੀ-ਕੋਸੀ ਰੁੱਤ
ਮਾਏ ਸਾਡੇ ਕੋਲੋਂ ਰੁੱਸ ਕਿਉਂ ਗਈ?
ਚੁੱਪ-ਚੁੱਪ ਵਿਹੜਾ ਅਤੇ ਸੱਖਣਾ ਦਲਾਨ ਸਾਡਾ
ਵੀਹੀ ਸਾਡੀ ਉਜੜੀ ਪਈ।
ਬੂਰੀ ਵੀ ਉਦਾਸ ਅਤੇ ਹੀਰੀ ਨੂੰ ਵੀ ਹੇਰਵਾ
ਹੈ ਜੋਗ ਦਾ ਤਾਂ ਪੁੱਛਣਾ ਹੀ ਕੀ!
ਅੰਮਾਂ-ਬਾਬਾ ਰੁੱਖੜੇ ਉਦਾਸ
ਮਾਏ ਝੰਵੇਂ-ਝੰਵੇਂ ਪਹਿਲਾਂ ਵਾਂਗੂ ਝੂਮਦੇ ਨਹੀਂ।
ਢਿੱਡ ਦੇ ਦੇ ਮੁੱਕੀਆਂ ਜੇ ਰੋਵੇ ਅੰਮਾਂ
ਅੰਮੀਏਂ ਨੀ ਬਚਿਆ ਹੀ ਉਹਦਾ ਭਲਾ ਕੀ?
ਬਾਬੇ ਦੀ ਤਾਂ ਦਾਹੜੀ ਉਤੋਂ ਹੰਝੂ ਇਉਂ ਡਿੱਗਣ
ਮਾਏ ਟੁੱਟਦਿਆਂ ਤਾਰਿਆਂ ਦਾ ਮੀਂਹ!
ਕੰਧੀ-ਕੌਲੀਂ ਲੱਗ ਰੋਵੇਂ ਮਾਏ ਨੀ ਦੁਪਹਿਰ ਜਿਹੀਏ!
ਢਲਣਾ ਹੀ ਕਰਮਾਂ 'ਚ ਸੀ?
ਪਾਟਿਆ 'ਸਮਾਨ ਜਦੋਂ ਹਿੱਲੀਆਂ ਸੀ ਕੰਧਾਂ ਮਾਏ,
ਜਾਣਦੀ ਸਾਂ ਹੋਇਆ ਉਦੋਂ ਕੀ!
ਚੰਗੀ-ਭਲੀ ਗੁੱਡੀਆਂ-ਪਟੋਲੇ ਪਈ ਖੇਡ੍ਹਦੀ ਸਾਂ,
ਖੇਡ ਮੇਰੀ ਖਿੰਡ ਕਿਉਂ ਗਈ?
ਵਿਹੜੇ ਵਿਚੋਂ ਲੱਥੀ ਸਾਡੇ ਚਾਵਾਂ ਵਾਲੀ ਚਾਨਣੀ ਕਿਉਂ,
ਗ਼ਮਾਂ ਵਾਲੀ ਸਫ਼ ਕਿਉਂ ਵਿਛੀ?
ਦੱਸੀਂ ਕੀ ਕਸੂਰ ਮੇਰੇ ਮਿੱਠੇ ਜਿਹੇ ਬਾਬਲੇ ਦਾ,
ਜ਼ਾਲਮਾਂ ਨੇ ਜਿੰਦ ਕਿਉਂ ਲਈ?

ਮਾਂ-ਭੋਲੀਏ ਨੀ ਧੀਏ ਅੱਜ ਭਲੀ ਪੁੱਛੀ ਛਿੰਦੀਏ ਤੈਂ ਰੱਜ ਰੱਜ ਕਰਾਂ ਨੀ ਪਿਆਰ!!
ਬਾਹਾਂ ਵਿਚ ਘੁੱਟ ਕੇ ਆ ਕਾਲਜਾ ਮੈਂ ਠਾਰ ਲਵਾਂ ਪਾਵਾਂ ਗਲ ਚੁੰਮਣਾਂ ਦਾ ਹਾਰ।
ਹੋਠੀਂ ਮੇਰੇ ਜੰਦਰਾ ਜੁ ਕਦੇ ਵੀ ਮੈਂ ਖੋਲ੍ਹਿਆ ਨਾ ਦਿਲੇ ਤੋਂ ਨਾ ਲਾਹਿਆ ਕਦੇ ਭਾਰ।
ਗਿੱਲੇ-ਗੋਹੇ ਵਾਂਗ ਧੁਖਾਂ ਵਿੱਚੋਂ-ਵਿਚ ਬੱਚੀਏ ਨੀ ਜਦੋਂ ਦਾ ਨਾ ਆਵੇ ਇਤਬਾਰ!

ਅਜੇ ਵੀ ਭੁਚੱਕੇ ਪੈਣ ਓਸ ਦਿਆਂ ਬੋਲਾਂ ਦੇ ਮੈਂ ਦੇਈ ਜਾਵਾਂ ਅਜੇ ਵੀ ਹੁੰਘਾਰ।
ਗੱਲਾਂ ਓਹੋ ਦਸਦਾ ਸੀ ਚੁਲ੍ਹੇ ਮੂਹਰੇ ਬੈਠ ਕੇ ਤੇ ਕੱਢਦਾ ਸੀ ਦਿਲੇ ਦਾ ਗੁਬਾਰ।
ਆਖਦਾ ਸੀ ਬਾਹਮਣਾਂ ਦੀ ਧਾੜ ਲਈ ਨੌਂਵੇਂ ਗੁਰਾਂ ਸੀਸ ਦਿੱਤਾ ਦਿੱਲੀ ਜਾ ਕੇ ਵਾਰ।
ਜੰਞੂ ਤੇ ਤਿਲਕ ਦੀ ਸੀ ਗੱਲ ਕੋਈ ਆਪਣੀ ਨਾ ਝੱਲੀ ਗੁਰਾਂ ਸੀਸ ਤੇ ਕਟਾਰ।

ਕੌਣ ਹਿੰਦੂ ਆਇਆ ਓਦੋਂ ਸੀਸ-ਧੜ ਚੁੱਕਣੇ ਲਈ? ਪਲਾਂ ਵਿਚ ਭੁੱਲੇ ਉਪਕਾਰ।
ਫੇਰ ਦਸਮੇਸ਼-ਦੂਲੇ ਦਿੱਲੀ ਨੂੰ ਵੰਗਾਰਿਆ ਜਾਂ ਵੱਡੇ ਵੈਰੀ ਬਣ ਬਾਈ-ਧਾਰ।
ਮਾਤਾ-ਪਿਤਾ ਪੁੱਤ ਵਾਰ ਤੁਰਿਆ ਉਹ ਸੱਚੀਂ-ਮੁੱਚੀਂ ਤੁਰਿਆ ਤਾਂ ਹੈ ਸੀ ਖੰਡੇ ਧਾਰ!
ਆਈ ਔਖੀ ਘੜੀ ਜਦੋਂ ਕਿਸੇ ਹਿੰਦੂ ਝੱਲਿਆ ਨਾ ਛੁਪੇ ਸਾਰੇ ਕੁੰਡੇ-ਜਿੰਦੇ ਮਾਰ।

ਨਬੀ-ਗ਼ਨੀ ਖਾਂ ਓਦੋਂ ਬਣੇ ਪਹਿਰੇਦਾਰ ਉਹਦੇ ਰੱਖਿਆ ਤਾਂ ਉਹਨਾਂ ਫੁੱਲਾਂ-ਹਾਰ!
ਚਿਣੇ ਗਏ ਨਿੱਕੇ-ਨਿੱਕੇ ਲਾਲ ਨੀਹਾਂ ਵਿਚ ਜਦ ਗੰਗੂ ਉਤੇ ਕੀਤਾ ਇਤਬਾਰ!
ਫੇਰ ਵੀ ਜੇ ਚੁੱਕ ਲਈਆਂ ਬੇਟੀਆਂ ਨੂੰ ਮੋੜਦੇ ਸੀ ਮੋੜਦੇ ਕਸੂਰੋਂ ਸਰਦਾਰ!
ਕਲ੍ਹ ਵੀ ਆਜ਼ਾਦੀ ਲਈ ਭਗਤਾਂ ਨੇ ਰੱਸੇ ਚੁੰਮੇ ਹੱਸ ਹੱਸ ਮਰੇ ਕਰਤਾਰ।

ਗ਼ਦਰੀ ਤੇ ਬੱਬਰਾਂ ਨੇ ਪੱਤਝੜਾਂ ਝੋਲ ਪਾਈਆਂ ਲੈਣ ਲਈ ਆਜ਼ਾਦੀ ਦੀ ਬਹਾਰ।
ਭੋਲੇ-ਭਾਲੇ ਸਿੰਘਾਂ ਦੀਆਂ ਤੇਗ਼ਾਂ ਛਾਂਵੇਂ ਪਲੇ ਜਿਹੜੇ ਨਿੱਕਲੇ ਉਹ ਦਿਲੇ ਦੇ ਮੱਕਾਰ।
ਦੁੱਧ ਪੀ ਕੇ ਭੁੱਲੇ ਅਤੇ ਲੂਣ ਖਾ ਹਰਾਮੀ ਹੋਏ ਗਏ ਉਹ ਚੁਰਾਸੀ ਡੰਗ ਮਾਰ!
ਤਖ਼ਤ ਅਕਾਲ ਢ੍ਹਾ ਕੇ ਗੁਰੂ-ਸੀਨਾ ਸ੍ਹਲਿਓ ਸੂ ਲਾਏ ਸੂ ਮਾਸੂਮਾਂ ਦੇ ਅੰਬਾਰ।

ਸ਼ੇਰਾਂ ਦੀਆਂ ਛਾਤੀਆਂ ਤੇ ਗਿੱਦੜਾਂ ਨੇ ਲੱਡੂ ਵੰਡੇ ਇਹ ਵੀ ਤਾਂ ਸੀ ਇਕ ਅਲੋਕਾਰ!
ਏਸਦਾ ਤਾਂ ਦੁੱਖ ਹੀ ਸੀ ਏਸਤੋਂ ਵੀ ਦੁੱਖ ਵੱਡਾ ਆਪਣੇ ਹੀ ਗਏ ਜਦ ਮਾਰ।
ਰੁੜ੍ਹ ਜਾਵੇ ਬੇੜਾ ਉਹਨਾਂ ਰੁੜ੍ਹ ਜਾਣੇ ਲੀਡਰਾਂ ਦਾ ਛੱਡ ਗਏ ਬੇੜੀ ਮੰਝਧਾਰ।
ਸ਼ੇਰ ਦਸਮੇਸ਼ ਦੇ ਨੂੰ ਢੂੰਡਣੇ ਲਈ ਵੈਰੀਆਂ ਨਾ (ਲ) ਰਲ਼ ਗਏ ਡੋਗਰੇ ਗ਼ੱਦਾਰ!



ਨਹੀਂ ਤਾਂ ਮਜਾਲ ਕੀ ਸੀ ਗਿੱਦੜਾਂ ਦੀ ਟੋਲੀ ਏਦਾਂ ਕਰ ਲੈਂਦੀ ਸ਼ੇਰਾਂ ਦਾ ਸ਼ਿਕਾਰ!
ਜਿਹਨਾਂ ਦੀਆਂ ਇੱਜ਼ਤਾਂ ਗੁਆਚੀਆਂ ਨੂੰ ਮੋੜਿਆ ਸੀ ਦਿੱਲੀ ਸਾਡੀ ਲਾਹੁੰਦੇ ਦਸਤਾਰ!!
ਇਹਨੀਂ ਸੋਚੀਂ ਬਲੇ ਤੇਰਾ ਤੇਜ਼-ਤੱਤਾ ਬਾਬਲਾ ਨੀਂ ਪੈਰਾਂ ਹੇਠ ਜੀਹਦੇ ਅੰਗਿਆਰ!
ਟੇਪਾਂ ਜਰਨੈਲ ਦੀਆਂ ਉਠ ਸੁਣੇ ਅੱਧੀ-ਰਾਤੀਂ ਕਦੇ ਕਦੇ ਰੋਵੇ ਭੁੱਬਾਂ ਮਾਰ!

ਇਕ ਸ਼ਾਮੀਂ ਗੱਲ ਉਸ ਦੱਸੀ ਮੈਨੂੰ ਭੇਤ ਵਾਲੀ ਗੁਰੂ ਨਾਲ ਕੀਤਾ ਇਕਰਾਰ।
ਕਰਨਾ ਹੀ ਪਿਆ ਵਿਦਾ ਆਪ ਮੈਨੂੰ ਫੇਰ ਉਹਨੂੰ ਪਾ ਕੇ ਗਲ ਹੰਝੂਆਂ ਦਾ ਹਾਰ।
ਤੇਰਾ, ਤੇਰੇ ਵੀਰ ਦਾ ਤਾਂ ਮੂੰਹ ਸੁੱਤਾ ਚੁੰਮ ਕੇ ਉਹ ਗਿਆ ਨੀ ਉਡਾਰੀ ਕਿਤੇ ਮਾਰ!
ਕਿੱਥੇ ਕਿੱਥੇ ਗਿਆ ਅਤੇ ਕਿੱਥੇ ਕਿੱਥੇ ਰਿਹਾ? ਬੱਸ ਜਾਣਦਾ ਹੈ ਇਕ ਕਰਤਾਰ!

ਫੇਰ ਇਕ ਰਾਤੀਂ ਮੈਨੂੰ ਆਇਆ ਇਕ ਸੁਪਨਾ ਇਹ ਸੁਪਨਾ ਕੀ ਸੱਚ ਸੀ ਸਾਕਾਰ।
ਉੱਚੀਆਂ ਨੇ ਕੰਧਾਂ ਵਿਚ ਨਿੱਕੀ ਜਿਹੀ ਕੋਠੜੀ ਤੇ ਵਿਚ ਮੇਰਾ ਸੂਰਾ ਸਰਦਾਰ!
ਪੁੱਟਤੇ ਜਮੂਰਾਂ ਨਾਲ ਨਹੁੰ ਉਹਦੇ ਜ਼ਾਲਮਾਂ ਨੇ ਕਹਿਰ ਕਿਹੜਾ ਲਿਆ ਨਾ ਗੁਜ਼ਾਰ?
ਮੁੱਕਗੇ ਤਸੀਹੇ ਨਹੀਂ ਮੁੱਕਿਆ ਸਿਦਕ ਉਹਦਾ ਛਿੱਥੀ-ਛਿੱਥੀ ਪਈ ਸਰਕਾਰ।

ਹਾਰੇ-ਹੁਟੇ ਹਾਕਮਾਂ ਨੇ ਗੱਲ ਇਹ ਉਡਾਈ ਫੇਰ ਖੰਭਾਂ ਦੀ ਬਣਾਈ ਕੋਈ ਡਾਰ।
ਕੜੀਆਂ ਸਮੇਤ ਪੇਸ਼ੀ ਵੇਲੇ ਤਾਂ ਕਚਹਿਰੀਆਂ 'ਚੋਂ ਹੋ ਗਿਆ ਫਲਾਨਾ ਨੀ ਫ਼ਰਾਰ।
ਫੇਰ ਇਕ ਚੰਦਰੀ ਸਵੇਰ ਪਿੰਡ ਖੁੰਢਾਂ ਉਤੇ ਝੂਠ-ਮੂਠ ਬਕੀ ਅਖ਼ਬਾਰ।
ਦੱਸਿਆ ਮੁਕਾਬਲੇ 'ਚ ਬਾਪ ਤੇਰਾ ਮਰਿਆ ਜਾਂ ਬਲ ਗਿਆ ਮੇਰਾ ਸੰਸਾਰ!

ਆਖਦੇ ਨੇ ਲੋਕ ਪੁਲ ਦਹਿਲ ਗਿਆ ਅੱਧੀ-ਰਾਤੀਂ ਗੋਲੀਆਂ ਦੇ ਹੋਏ ਖੜਕਾਰ।
ਖਾੜੇ ਵਾਲੀ ਨਹਿਰ ਓਦੋਂ ਰੱਤੀ-ਰੱਤੀ ਵਗੀ ਧੀਏ ਪਾਣੀਂ ਉਹਦੇ ਰੋਏ ਜ਼ਾਰੋ-ਜ਼ਾਰ।
ਪਿੰਡ ਦੇ ਪਰਿੰਦਿਆਂ ਨੇ ਸੋਗ ਵਿਚ ਵੈਣ ਪਾਏ ਝਿੜੀ ਨੂੰ ਵੀ ਚੜ੍ਹਿਆ ਬੁਖ਼ਾਰ!
ਸੰਦਲੀ-ਸਵੇਰਾਂ ਸੁਰਮਈ-ਸ਼ਾਮਾਂ ਢਲ਼ ਗਈਆਂ ਗ਼ਮਾਂ ਵਾਲੇ ਚੜ੍ਹ ਗਏ ਗੁਬਾਰ।

ਝੁੱਲਿਆ ਝੱਖੜ ਏਨੇ ਕਹਿਰ ਦਾ ਕਿ ਅੱਜ ਤੱਕ ਭੱਠੀ ਵਿਚ ਪਿਆ ਪਰਵਾਰ।
ਧੀਏ! ਸਿਵਾ ਇਕ ਕੀ ਸੀ ਭਲਾ ਤੇਰੇ ਬਾਬਲੇ ਦਾ? ਸਿਵਿਆਂ ਦਾ ਰਿਹਾ ਨਾ ਸ਼ੁਮਾਰ!
ਬੱਚੀਏ ਹੈ ਗ਼ਮ ਵੀ ਕਿ ਰਿਹਾ ਤੇਰੇ ਬਾਬਲਾ ਨਾ ਤੁਰੀ ਜਾਣ ਉਹਦੇ ਦਿਲਦਾਰ।
ਗ਼ਮ ਹੈ ਕਿ ਹੱਸ ਹੱਸ ਵਾਰਦੇ ਹਾਂ ਚੱਪੂ ਪਰ ਬੇੜੀ ਸਾਡੀ ਅਜੇ ਮੰਝਧਾਰ!

ਏਨਾ ਕੁਝ ਹੁੰਦਿਆਂ ਬੇਸ਼ਰਮਾਂ ਦੀ ਧਾੜ ਧੀਏ! ਚੌਧਰਾਂ ਦਾ ਕਰਦੀ ਵਪਾਰ।
ਅੱਜ ਹੀ ਨਾ ਪਰ ਭੀੜ ਪਈ ਸਾਡੀ ਕੌਮ ਉਤੇ ਇਹ ਤਾਂ ਸਾਡਾ ਮੁੱਢ ਤੋਂ ਵਿਹਾਰ!
ਸਮੇਂ ਦਿਆਂ ਮਨੂੰਆਂ ਨੇ ਦਾਤੀਆਂ ਚਲਾਈਆਂ ਭਾਵੇਂ ਖਿੜੀ ਰਹੀ ਫੇਰ ਗੁਲਜ਼ਾਰ!
ਖਾਲਸਾ ਉਹ ਖੰਡਾ ਅੱਗ ਪਾਇਆਂ ਪ੍ਰਚੰਡ ਹੋਵੇ ਹੋਵੇ ਤੇਜ਼ ਸਗੋਂ ਇਹਦੀ ਧਾਰ।

ਉਹ ਵੀ ਤਾਂ ਸਮਾਂ ਸੀ ਜਦੋਂ ਭਾਲ਼-ਭਾਲ ਮਾਰਦੇ ਸੀ ਫੇਰ ਕਿਤੇ ਮੁੱਕੇ ਸਰਦਾਰ?
ਅੱਜ ਵੀ ਸਿਰਾਂ ਦੇ ਮੁੱਲ ਰੱਖ ਰੱਖ ਮਾਰਦੀ ਏ, ਮਾਰਦੀ ਏ ਹਿੰਦ-ਸਰਕਾਰ।
ਲਾਸ਼ਾਂ ਉਤੇ ਕੁਰਸੀਆਂ ਡਾਹੁਣ ਲਈ ਕਾਹਲੇ-ਕਾਹਲੇ ਫਿਰਦੇ ਨੇ ਅੱਜ ਵੀ ਗ਼ੱਦਾਰ!
ਅਜੇ ਵੀ ਤਾਂ ਕੁਝ ਲੋਕੀ ਅੱਖਾਂ ਮੀਟੀ ਬੈਠੇ ਜਿਹੜੇ ਜੀਂਵਦੇ ਜ਼ਮੀਰਾਂ ਤਾਂਈਂ ਮਾਰ।

ਕੰਨਾਂ ਵਿਚ ਗੂੰਜਦਾ ਸੁਨੇਹਾ ਤੇਰੇ ਬਾਬਲੇ ਦਾ ਦੇ ਗਿਆ ਜੁ ਧੀਏ ਜਾਂਦੀ ਵਾਰ।
ਆਖਦਾ ਸੀ-ਮੇਰੇ ਪਿੱਛੋਂ ਝੱਖੜਾਂ ’ਚ ਡੋਲਣਾ ਨਾ ਸਿੱਖੀ ਨਾਲ ਰੱਖਣਾ ਪਿਆਰ!
ਆਪਣੇ ਜੇ ਹੱਥੀਂ, ਹੱਥ ਪੀਲੇ ਕਰੇਂ ਬੱਚੜੀ ਦੇ ਦਾਜ ਵਿਚ ਦੇਈਂ ਤਲਵਾਰ!!
ਬੰਨ੍ਹ ਕੇ ਸ਼ਹੀਦੀ-ਗਾਨਾ ਪੰਥ ਲਈ ਤੋਰ ਦੇਵੀਂ ਪੁੱਤ ਮੇਰਾ ਹੋਇਆ ਜਾਂ ਉਡਾਰ।

ਸ਼ਾਨ ਉੱਚੀ ਰੱਖਣੀ ਹੈ ਗੁਰੂ ਜੀ ਕੇ ਖਾਲਸੇ ਦੀ ਤੂੰਬਾ ਤੂੰਬਾ ਉੱਡੇ ਪਰਵਾਰ।
ਕੌਮ ਨੂੰ ਵੀ ਫ਼ਤਹਿ ਮੇਰੀ ਆਖਰੀ ਬੁਲਾਇ ਦੇਣੀ ਕੋਠੇ ਚੜ੍ਹ ਪਾਉਣੀ ਇਹ ਵੰਗਾਰ-
ਜਾਗਦੇ ਹੈ ਰਹਿਣਾ ਇਸ ਕਾਲੀ-ਬੋਲੀ ਰਾਤ ਵਿਚ ਰਹਿਣਾ ਹੈ ਤਿਆਰ! ਹੋਸ਼ਿਆਰ!!
ਭੀੜ ਪਈ ਗੁਰੂ ਉਤੇ, ਮੋਢਾ ਦੇਣਾ ਖਾਲਸੇ ਨੇ ਪਵੇ ਨਾ ਬੇਦਾਵਿਆਂ ਦੀ ਮਾਰ।

ਬੰਨ੍ਹਣੀ ਹੈ ਗੱਲ ਪੱਲੇ ਸਿੰਘ ਦਸਮੇਸ਼ ਦੇ ਨਾ ਅਣਖਾਂ ਦੇ ਕਰਦੇ ਵਪਾਰ।
ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਸੰਘਾਰਨਾ ਹੈ ਖਾਲਸੇ ਦਾ ਸੁੱਚਾ-ਕਿਰਦਾਰ।
ਜਿੰਨੀ ਛੇਤੀ ਹੋਵੇ ਭਾਜੀ ਮੋੜਨੀ ਹੈ ਜ਼ਾਲਮਾਂ ਦੀ, ਖਾਲਸੇ ਨਾ ਰੱਖਦੇ ਉਧਾਰ!
ਜੁੱਤੀ ਦੀ ਤਾਂ ਨੋਕ ਉਤੋਂ ਵਾਰਿਓ ਨਵਾਬੀਆਂ ਨੂੰ ਚੌਧਰਾਂ ਦਾ ਛੱਡਿਓ ਪਿਆਰ।

ਜਦੋਂ ਤੱਕ ਪਾਟੋ-ਧਾੜ ਰਹੀ ਅਤੇ ਲੜੀ ਗਏ ਓਦੋਂ ਤੱਕ ਹੋਵੋਂਗੇ ਖੁਆਰ।
’ਕੱਠੇ ’ਕੱਠੇ ਤੁਰੋਂਗੇ ਜੇ ਕੇਸਰੀ-ਨਿਸ਼ਾਨ ਥੱਲੇ ਮੰਜ਼ਿਲ ਵੀ ਲੈਣੀ ਤੁਸਾਂ ਮਾਰ।
ਪੱਲੇ ਸੱਚ ਬੰਨ੍ਹਕੇ ਜੇ ਸਿਦਕਾਂ ਦੇ ਨਾਲ ਚੱਲੇ ਬਾਹਾਂ ਦੇ ਜੇ ਹੋਏ ਬਲਕਾਰ!
ਚੁੱਪ-ਚੁੱਪ ਵਾਚਦਾ ਜੁ ਅੱਜ ਤੱਕ ਖਾਲਸੇ ਨੂੰ ਨਾਲ ਨਾਲ ਤੁਰੂ ਸੰਸਾਰ!!

❖❖



## ਪੈਗ਼ਾਮ

ਉਹ-
ਜੋ ਦਿੱਲੀ ਵਾਲੀ ਕੁਲੱਛਣੀ-ਮਾਈ ਦੇ ਮਜ਼ਾਰ ਤੇ ਫੁੱਲਾਂ ਦੇ ਹਾਰ ਚੜ੍ਹਾਉਂਦੇ ਹਨ
ਤੇ ਅਜੇ ਵੀ ਤੜਕਸਾਰ ਉਠ ਕੇ ਸਫ਼ਦਰ ਜੰਗ ਰੋਡ ਤੇ ਉਗੇ ਲੈਰੇ-ਪਿੱਪਲ
ਦੀਆਂ ਜੜ੍ਹਾਂ ਵਿਚ ਕੱਚੀ-ਲੱਸੀ ਪਾਉਂਦੇ ਹਨ!!
ਸਪਨੀ ਨਦੀ ਦੇ ਪਾਣੀਆਂ ਤੇ ਤਰ ਰਹੇ ਹਨ
ਤੇ ਉਂਗਲਾਂ ਤੇ ਗਿਣੇ ਜਾਣ ਵਾਲੇ ਦਿਨਾਂ ਦਾ ਸਫ਼ਰ ਕਰ ਰਹੇ ਹਨ!

ਉਹ-
ਸੁਨਹਿਰੀ ਰੁੱਖ ਨਾਲ ਖੇਡਦੀ ਅੱਗ ਨੂੰ ਅੱਜ ਕਲ ਬੈਸੰਤਰ ਦਸਦੇ ਹਨ।
ਚੁਰਾਹੇ ਵਿਚ ਪਈ ਬਾਹਾਂ-ਵਿਹੂਣੀ ਲਾਸ਼ ਤੇ ਬੈਠੀਆਂ ਗਿੱਧਾਂ ਦੀ ਹਾਂ ਵਿਚ ਹਾਂ
ਮਿਲਾਉਂਦੇ ਹਨ ਤੇ ਕਿਸੇ ਟੁੱਟ ਗਈ ਡੰਗੋਰੀ ਤੇ ਖ਼ੂਬ ਹੱਸਦੇ ਹਨ!

ਹਰ ਸ਼ਾਮ ਮਹਿਫ਼ਲ ਵਿਚ
ਉਹ ਨਵੀਂ ਵਿਧਵਾ ਦੇ ਹੰਝੂਆਂ ਦੇ ਜਾਮ ਟਕਰਾਉਂਦੇ
ਗਈ ਰਾਤ ਤੱਕ ਰੰਗੀਨੀਂ ਮਾਣਦੇ ਹਨ!
ਤੇ ਹੱਥੀਂ ਯਤੀਮ ਕੀਤੇ ਬੱਚਿਆਂ ਦੀਆਂ ਰੀਝਾਂ ਨਾਲ
ਰੋਜ਼ ਧੁੱਦਲ ਵਿਚ ਖੇਡਦੇ ਹਨ
ਉਹਨਾਂ ਨੂੰ ਮਹਿਜ਼ ਲੱਕੜ ਦੇ ਖਿਡੌਣੇ ਜਾਣਦੇ ਹਨ!!

ਇਹ ਸਭ ਕੁਝ ਕਰ ਕੇ ਵੀ
ਉਹਨਾਂ ਨੂੰ ਸ਼ਿਕਵਾ ਹੈ
ਕਿ ਨਹਿਰਾਂ ਕੰਢੇ ਉਘੀ ਦੱਭ ਦੇ ਪੱਤਿਆਂ ’ਚੋਂ
ਖੰਡਿਆਂ ਦੇ ਝਾਂਵਲੇ ਕਿਉਂ ਪੈਂਦੇ ਹਨ!
ਤੇ ਠਾਣਿਆਂ ਵਿਚ ਉਗੇ ਪਿੱਪਲਾਂ ਦੇ ਪੱਤੇ
ਪਹਿਲਾਂ ਵਾਂਗ ਕਿਲਕਾਰੀਆਂ ਪਾਉਣ ਤੋਂ ਕਿਉਂ ਨਾਬਰ ਹਨ
ਤੇ ਅੱਜ ਕਲ ਖਾਮੋਸ਼ ਕਿਉਂ ਰਹਿੰਦੇ ਹਨ?

ਉਹਨਾਂ ਨੂੰ ਪੈਗ਼ਾਮ ਦੇ ਦੇਣਾ
ਕਿ ਕੁਲੱਛਣੀ ਮਾਈ ਦੇ
ਬੁਲਿਟ-ਪਰੂਫ਼ ਜਾਕਟਾਂ ਵਾਲੇ ਪੁੱਤਰੋ!
ਕਿੰਨੀ ਕੁ ਦੇਰ ਤੁਸਾਂ ਲੈਰੇ-ਪਿੱਪਲ ਦੀ
ਪ੍ਰਾਹੁਣੀ -ਛਾਂ ਹੇਠ ਬੈਠ ਰਹਿਣਾ ਹੈ?
ਕਿੰਨੀ ਕੁ ਦੇਰ ਬਲ ਰਹੀ ਚਰਬੀ ਦਾ ਨਿੱਘ ਲੈਣਾ ਹੈ?

ਤੁਸੀਂ-
ਜੁ ਛਤਰੀ ਦੇ ਕਬੂਤਰਾਂ ਦੀ ਜੂਨ ਹੰਢਾਉਂਦੇ ਹੋ
ਤੇ ਮੰਗਵੇਂ ਖੰਭਾਂ ਨਾਲ ਸੀਮਤ-ਅਸਮਾਨ ਵਿਚ
ਮੁਸਕਰਾ ਮੁਸਕਰਾ ਕੇ ਉਡਾਰੀਆਂ ਲਾਉਂਦੇ ਹੋ
ਖ਼ਰਾਬ ਮੌਸਮ ਵਿਚ ਕਿਸ ਆਲ੍ਹਣੇ ਦਾ ਦਰ ਖੜਕਾ ਲਵੋਗੇ?
ਤੇ ਤੀਰਾਂ ਦੀ ਬਾਰਸ਼ ਵਿਚ ਕੰਬ ਰਹੇ ਜਿਸਮਾਂ ਨੂੰ ਬਚਾ ਲਵੋਗੇ?

ਹੇਠ ਖੇਤਾਂ ਵਿਚ ਯਤੀਮ-ਬਾਲਾਂ ਦੀ ਫ਼ਸਲ ਲਹਿਰਾ ਰਹੀ ਹੈ!
ਤੁਹਾਡੇ ਭਵਿੱਖਤ ਦੇ ਅਸਮਾਨ ਦੇ ਸਿਰ 'ਤੇ,
ਬਾਜ਼ਾਂ ਦੀ ਕੋਈ ਡਾਰ ਮੰਡਲਾ ਰਹੀ ਹੈ!!
ਤੁਸੀਂ-ਜੁ ਇਸ ਡਾਰ ਨੂੰ ਤੱਕ ਕੇ ਮੁਸਕਰਾ ਛੱਡਦੇ ਹੋ
ਹੋਣੀ ਨੂੰ ਅੱਖਾਂ ਨੂਟ ਕੇ ਟਾਲਦੇ ਹੋ!
ਮਹਿਜ਼ ਇਕ ਭਰਮ ਪਾਲਦੇ ਹੋ!!

ਤੁਸੀਂ-
ਜੋ ਦਿੱਲੀ ਵਾਲੀ ਕੁਲੱਛਣੀ-ਮਾਈ ਦੇ ਮਜ਼ਾਰ ਤੇ ਫੁੱਲਾਂ ਦੇ ਹਾਰ ਚੜ੍ਹਾਉਂਦੇ ਹੋ
ਤੇ ਅਜੇ ਵੀ ਤੜਕਸਾਰ ਉਠ ਕੇ
ਸਫ਼ਦਰਜੰਗ ਰੋਡ ਤੇ ਉਗੇ ਲੈਰੇ-ਪਿੱਪਲ ਦੀਆਂ ਜੜ੍ਹਾਂ ਵਿਚ ਕੱਚੀ-ਲੱਸੀ ਪਾਉਂਦੇ ਹੋ
ਸਪਨੀ-ਨਦੀ ਦੇ ਪਾਣੀਆਂ ਤੇ ਤਰ ਰਹੇ ਹੋ!
ਤੇ ਉਂਗਲਾਂ ਤੇ ਗਿਣੇ ਜਾਣ ਵਾਲੇ ਦਿਨਾਂ ਦਾ ਸਫ਼ਰ ਕਰ ਰਹੇ ਹੋ!!



## ਜੁਝਾਰੂ-ਸਿੰਘ
## ਦਸਮੇਸ਼-ਦਰਬਾਰ ਦੀ ਸਰਦਲ ਤੇ!

ਕਲਗੀਧਰ ਦਸਮ ਪਿਤਾ!
ਦਿਨ ਕਿੰਨੇ ਗੁਜ਼ਰ ਗਏ
ਦਿਲ ਸੱਚੀਂ ਕਰਦਾ ਸੀ।
ਭਰ ਭਰ ਕੇ ਡੁਲ੍ਹਦਾ ਸੀ
ਡੁਲ੍ਹ ਡੁਲ੍ਹ ਕੇ ਭਰਦਾ ਸੀ।

ਝੋਲੀ ਵਿਚ ਸ਼ਿਕਵੇ ਸਨ
ਗੰਭੀਰ ਸ਼ਿਕਾਇਤਾਂ ਸਨ
ਕੁਝ ਗਿਲੇ-ਉਲਾਹਮੇ ਸਨ
ਕਿ ਭੇਟ ਚੜ੍ਹਾ ਜਾਵਾਂ।
ਸਿਰ ਤੇ ਜੁ ਗੁਜ਼ਰ ਰਹੀ
ਹੱਡਾਂ ਤੇ ਬੀਤ ਰਹੀ
ਇਕ ਦਰਦ ਕਹਾਣੀ ਜੁ
ਤੈਨੂੰ ਤਾਂ ਸੁਣਾ ਜਾਵਾਂ!

ਦਰਬਾਰ 'ਚ ਹਾਜ਼ਰ ਹਾਂ
ਇਕ ਅਰਜ਼ ਗੁਜ਼ਾਰਨ ਲਈ।
ਦੁਖਦਾ ਦਿਲ ਫੋਲਣ ਲਈ
ਫੁੱਟ ਧਾਹਾਂ ਮਾਰਨ ਲਈ!

ਬਹਿ ਕੇ ਦਾਤਾਰ ਪਿਤਾ
ਮੇਰੀ ਵਿਥਿਆ ਸੁਣ ਲੈਣੀ!
ਬਸ ਲੇਖਾ ਕਰ ਲੈਣਾ
ਗੱਲ ਆਪੇ ਪੁਣ ਲੈਣੀ!!

ਜੇ ਦੁਖ-ਸੁਖ ਕਰਦਾ ਮੈਂ
ਕੁਝ ਵੱਧ ਘੱਟ ਕਹਿ ਜਾਵਾਂ
ਦਿਲ ਤੇ ਨਾ ਲਾ ਲੈਣਾ!
ਮੈਂ ਭੁੱਲਣਹਾਰ ਹਾਂ

ਤੂੰ ਬਖਸ਼ਣਹਾਰਾ ਹੈਂ
ਇਕ ਮਿੱਠੀ ਘੂਰੀ ਦੇ
ਨਿੱਕੀ ਜਿਹੀ ਕੰਨ ਤੇ ਲਾ
ਰੋਂਦੇ ਨੂੰ ਵਰਾ ਲੈਣਾ!!

ਤੂੰ ਹੀ ਜੇ ਪਿਤਾ ਮੇਰਾ
ਤੇਰਾ ਮੈਂ ਬੇਟਾ ਹਾਂ,
ਮੈਨੂੰ ਤੂੰ ਰੂਪ ਕਿਹਾ
ਤੇਰਾ ਰੰਘਰੇਟਾ ਹਾਂ।
ਮੈਨੂੰ ਕੋਈ ਦੁੱਖ ਹੋਵੇ
ਤੈਨੂੰ ਹੀ ਸੁਣਾਨਾ ਹੈ!
ਤੂੰ ਧਿਰ ਹੈਂ ਨਧਿਰਿਆਂ ਦੀ
ਤੂੰ ਮਾਣ ਨਿਮਾਣਿਆਂ
ਬੇ-ਦਰ ਬੇ-ਘਰ ਹੋਇਆਂ
ਤੈਥੋਂ ਹੀ ਆਨਾ ਹੈ!!

ਹਾਂ! ਸੁਣੀ ਦਾਤਾਰ ਮੇਰੇ!
ਮੈਂ ਹਾਂ ਉਹ ਸਿੱਖ ਤੇਰਾ
ਯੁੱਧ ਵਿਚ ਆਨੰਦਪੁਰ ਦੇ
ਸੱਜੀ ਬਾਂਹ ਬਣ ਤੇਰੀ
ਇਕ ਦਿਨ ਜੁ ਲੜਿਆ ਸਾਂ।
ਚਮਕੌਰ ਗੜ੍ਹੀ ਅੰਦਰ
ਤੀਰਾਂ ਦੀ ਛਾਂ ਹੇਠਾਂ
ਤੇਰੇ ਨਾਲ ਖੜ੍ਹਿਆ ਸਾਂ।
ਭੁੱਲ ਕੇ, ਵੱਖ ਹੋ ਕੇ ਵੀ
ਖਿਦਰਾਣੇ ਢਾਬ ਉਤੇ
ਤੈਂ ਸੰਗ ਆ ਰਲਿਆ ਸਾਂ।
ਦੁਸ਼ਮਣ ਦੇ ਦਲ ਉੱਤੇ
ਬਿਜਲੀ ਬਣ ਟੁੱਟਿਆ ਸਾਂ
ਮੈਦਾਨਿ-ਜੰਗ ਅੰਦਰ
ਲਟ-ਲਟ ਕਰ ਬਲਿਆ ਸਾਂ।



ਮੇਰੇ ਲਈ ਖੇਡ ਜਿਹੀ
ਆਰੇ ਨਾਲ ਚਿਰ ਜਾਣਾ
ਤੂੰਬੇ ਹੋ ਜਾਣ ਲਈ
ਚਰਖੜੀਏਂ ਚੜ੍ਹ ਜਾਣਾ।
ਅੰਗ ਅੰਗ ਕਟਵਾ ਲੈਣਾ
ਜੀਂਦੇ-ਜੀ ਮੁਸਕਾ ਕੇ
ਆਪਾ ਚਿਣਵਾਣ ਲਈ
ਕੰਧਾਂ ਵਿਚ ਖੜ੍ਹ ਜਾਣਾ।
ਦਲ ਚੀਰ ਕੇ ਵੈਰੀ ਦੇ
ਬਿਨ ਸੀਸੋਂ ਲੜ ਜਾਣਾ!
ਬੰਨ੍ਹਵਾ ਕੇ ਤਨ ਜੰਡੀਂ
ਜਿਉਂਦੇ-ਜੀ ਸੜ ਜਾਣਾ!!

ਜਦ ਹੁਣ ਦਾਤਾਰ ਪਿਤਾ
ਕਲ੍ਹ ਸੰਨ ਚੁਰਾਸੀ ਵਿਚ
ਇਕ ਕਹਿਰ-ਹਨੇਰੀ ਇਹ
ਦਿੱਲੀਓਂ ਚੜ੍ਹ ਆਈ ਹੈ।
ਬਿਫ਼ਰੇ ਹੋਏ ਟੈਂਕਾਂ ਤੇ
ਹੰਕਾਰੀ ਤੋਪਾਂ ਨੇ
ਸੁੱਚੇ ਹਰਿਮੰਦਰ ਤੇ
ਕੋਈ ਅੱਗ ਵਰ੍ਹਾਈ ਹੈ।
ਮੈਂ ਪਿੰਜਰ ਡਾਹ ਅੱਗੇ
ਹੰਕਾਰੀ ਟੈਂਕਾਂ ਦੇ
ਪਿੰਜਰ ਇਉਂ ਭੰਨੇ ਹਨ
ਦਿੱਲੀ ਦੀ ਅੱਖ ਖਚਰੀ
ਤੱਕ ਕੇ ਸ਼ਰਮਾਈ ਹੈ!
ਕੀ ਹੋਇਆ ਪੁਰਜ਼ੇ ਜੇ
ਜੇ ਤੂੰਬੇ ਹੋ ਡਿੱਗਾ
ਝੰਡਾ ਨਹੀਂ ਡਿੱਗਣ ਦਿੱਤਾ
ਨਾ ਧੌਣ ਨਿਵਾਈ ਹੈ!
ਦਿੱਲੀ ਮੁਸ਼ਟੰਡੀ ਨੇ
ਜੋ ਭਾਜੀ ਚਾੜ੍ਹੀ ਸੀ

ਕੁਝ ਦਿਨ ਤਾਂ ਅਟਕ ਗਿਆ
ਪਰ ਜਿਸ ਦਿਨ ਮੋੜੀ ਮੈਂ
ਕਰ ਐਨ੍ਹ ਸਵਾਈ ਹੈ!!
ਜੱਗ ਗੱਲਾਂ ਟੁਰੀਆਂ ਹਨ
ਗੋਬਿੰਦ ਦੇ ਪੁੱਤਰਾਂ ਨੇ
ਮੁੱਛ ਉਚੀ ਰੱਖੀ ਸਦਾ
ਫਿਰ ਰੱਖ ਵਿਖਾਈ ਹੈ!!!

ਤੂੰ ਰਸਤਾ ਦੱਸਿਆ ਹੈ
ਇਸ ਰਸਤੇ ਤੁਰਦਾ ਜੇ
ਮੈਂ ਕਲ੍ਹ ਵੀ ਮਰਿਆ ਸੀ
ਤੇ ਅੱਜ ਵੀ ਮਰਦਾ ਹਾਂ
ਇਸਦਾ ਗ਼ਮ ਭੋਰਾ ਨਹੀਂ!
ਇਸ ਰਸਤੇ ਤੁਰਦਾ ਜੇ
ਮੈਂ ਕਲ੍ਹ ਵੀ ਸੜਿਆ ਸੀ
ਤੇ ਅੱਜ ਵੀ ਸੜਦਾ ਹਾਂ
ਇਸਦਾ ਗ਼ਮ ਭੋਰਾ ਨਹੀਂ!!

ਗ਼ਮ ਹੈ ਤਾਂ ਇਕੋ ਬੱਸ
ਘਰ ਬੈਠੇ ਗੰਗੂ ਦਾ
ਜੁ ਬਿਪਤਾ ਪੈਂਦੇ ਹੀ
ਕੋਈ ਡੰਗ ਚਲਾ ਜਾਂਦੈ।
ਜੁ ਲੂਣ-ਹਰਾਮੀ ਹੋ
ਸਭ ਰਿਸ਼ਤੇ ਭੁੱਲ ਜਾਂਦੈ
ਤੇ ਦਗ਼ਾ ਕਮਾ ਜਾਂਦੈ।
ਬਣ ਕਦੇ ਡੋਗਰਾ ਜੋ
ਦੁਸ਼ਮਣ ਨਾਲ ਮਿਲ ਜਾਂਦੈ
ਬਾਰੂਦ ਲਕੋ ਲੈਂਦੈ
ਸਰਸੋਂ ਵਰਤਾ ਜਾਂਦੈ।
ਦਲ ਵਾਢੀ ਕਰਦੇ ਦੇ
ਤੇ ਵਧਦੇ ਜਾਂਦੇ ਦੇ
ਬਸ ਪਿੱਛੇ ਖੜਾ ਖੜਾ



ਮੇਰੇ ਛੁਹਲੇ ਪੈਰਾਂ ਵਿਚ
ਕੋਈ ਜਾਲ ਲਗਾ ਜਾਂਦੈ।
ਮੇਰੀ ਜਿਤਦੇ ਜਿਤਦੇ ਦੀ
ਬਾਜ਼ੀ ਨੂੰ ਹਰਾ ਜਾਂਦੈ।
ਵਿਗੜੀ ਨੂੰ ਬਣਾਉਂਦੇ ਦੀ
ਬਣਦੀ ਵਿਗੜਾ ਜਾਂਦੈ!!

ਜਾਂ ਗ਼ਮ ਹੈ ਗਿੱਦੜ ਦਾ
ਜੁ ਸ਼ੇਰ ਦੀ ਖੱਲ ਪਹਿਨੀਂ
ਦਲ ਦੇ ਵਿਚ ਆ ਵੜਿਆ!
ਜਦ ਛੁੱਟੇ ਗੋਲੇ ਸਨ
ਤੇ ਟੈਂਕ ਦਹਾੜ ਪਏ
ਮੈਨੂੰ ਮਰਵਾਣ ਲਈ
ਘੁਰਨੇ ਵਿਚ ਜਾ ਵੜਿਆ!!

ਜਾਂ ਗ਼ਮ ਉਸ ਬਿੱਲੇ ਦਾ
ਚੌਧਰ ਦੇ ਦੁੱਧ ਸੰਦੀ
ਜੁ ਕਰਦਾ ਭਾਲ ਰਿਹਾ।
ਜਿਹੜੇ ਘਰ ਵੜਿਆ ਉਹ
ਸੁੱਟ ਗਿਆ ਚੁਆਤੀ ਇਕ
ਸੂਹੇ ਫੁੱਲ ਝੁਲਸ ਗਿਆ
ਘਰ ਵਸਦੇ ਜਾਲ ਗਿਆ!!
ਇਕ ਕੁਰਸੀ-ਪੀਹੜੀ ਤੇ
ਦੋ ਪਲ ਬਹਿ ਜਾਣ ਲਈ
ਚਲਦਾ ਹਰ ਚਾਲ ਗਿਆ!!!

ਜਾਂ ਸੱਪ ਉਹ ਬੁੱਕਲ ਦਾ
ਵਰ੍ਹਦੀ ਜੁ ਅੱਗ ਸਮੇਂ
ਦੜ ਵੱਟ ਕੇ ਪਿਆ ਰਿਹਾ
ਠੰਢੀ ਜਦ ਸੁਆਹ ਹੋਈ
ਨਿਕਲ ਕੇ ਆ ਬੈਠਾ।
ਲਾਹ ਜਾਲ਼ੀ ਦਾਹੜੀ ਤੋਂ
ਇਕ ਫੰਨ੍ਹ ਫੈਲਾ ਬੈਠਾ!

ਇਕ ਗਿੱਦੜ-ਸਿੰਗੀ ਨੂੰ
ਹੱਥਾਂ ਵਿਚ ਲੈ ਆਪਣੇ
ਬੱਸ ਰਾਸ ਰਚਾ ਬੈਠਾ!!
ਮੈਨੂੰ ਮਰਵਾਣ ਲਈ
ਲਾਹ ਸ਼ਰਮ-ਹਯਾ ਬੈਠਾ!!!

ਜਾਂ ਬੌਨਾ ਤਿੰਨ-ਮੁੱਠੀਆ
ਛਰ੍ਹਲੀ ਦਾ ਰੂਪ ਨਿਰਾ
ਚੰਡੀਗੜ੍ਹ-ਦਿੱਲੀ ਵਿਚ
ਲਾਟੂ ਬਣ ਘੁੰਮਦਾ ਜੁ!
ਦਿੱਲੀ ਦੇ ਬੂਟਾਂ ਨੂੰ
ਚਟਦਾ ਤੇ ਚੁੰਮਦਾ ਜੁ!!
ਪੈਸੇ ਦਾ ਪੁੱਤ ਨਿਰਾ
ਨਟਖਟ ਸ਼ੈਤਾਨ ਜਿਹਾ
ਬੱਸ ਅੰਦਰੋਂ-ਅੰਦਰ ਹੀ
ਹਰ ਬਣਤ ਬਣਾ ਕੇ ਵੀ
ਸੈਹੇ ਦੇ ਸਿਰ ਉਤੋਂ
ਸਿੰਗਾਂ ਦੇ ਵਾਂਗ ਕਿਵੇਂ
ਲੁਕਦਾ ਤੇ ਗੁੰਮਦਾ ਜੁ!!

ਗ਼ਮ ਹੈ ਕਲ-ਮੂੰਹੇਂ ਦਾ
ਦਿੱਲੀ ਦਰਬਾਰ 'ਚ ਜੋ
ਝਾੜੂ ਵੀ ਲਾ ਸਕਦੈ।
ਪਰ ਆਪਣੇ ਇਸ਼ਟ ਉਤੇ
ਇਕ ਕਟਕ ਚੜ੍ਹਾਉਂਣ ਲਈ
ਜੁ ਕਲਮ ਚਲਾ ਸਕਦੈ!!
ਆਪਣੇ ਹੀ ਭੈਣ ਭਰਾ
ਦਾਣਿਆਂ ਵਾਂਗ ਭੁੰਨਣ ਲਈ
ਜੁ ਅੱਗ ਵਰ੍ਹਾ ਸਕਦੈ!!!

ਗ਼ਮ ਹੈ ਉਸ ਚੰਦਰੇ ਦਾ
ਜੁ ਰੰਗ ਵਿਖਾਉਂਦਾ ਹੈ!



ਸਿੱਖੀ ਦੇ ਬੂਟੇ ਨੂੰ
ਜੁ ਜੜ੍ਹੋਂ ਉਖਾੜਨ ਲਈ
ਇਸ ਜੂਹ ਵਿਚ ਉਗ ਖੜਦੈ
ਬੂਟਾ ਅਖਵਾਉਂਦਾ ਹੈ!!

ਜਾਂ ਗ਼ਮ ਹੈ ਬੱਦਲ ਦਾ
ਜੁ ਉਚਾ ਗਜਦਾ ਹੈ।
ਕੁਰਸੀ ਨੂੰ ਰੋਕਣ ਦੀ
ਇੱਕੋ ਬੱਸ ਹਸਰਤ ਲਈ
ਕੁਝ ਨਾਅ੍ਹਰੇ ਲਾਉਂਦਾ ਹੈ
ਰੁਖ ਵੇਖ ਹਵਾਵਾਂ ਦੇ
ਦਾਹੜਾ ਪ੍ਰਕਾਸ਼ ਕਰੇ
ਸਿੱਖਾਂ ਨੂੰ ਠਗਦਾ ਹੈ!!

ਕਿਸ ਕਿਸ ਦੀ ਗੱਲ ਕਰਾਂ?
ਕਿਸ ਕਿਸ ਦਾ ਨਾਮ ਲਵਾਂ?
ਜੀਹਨੂੰ ਲੀਡਰ ਕਹਿੰਦੇ ਨੇ
ਇਹ ਨਿਰਾ ਛਲੇਡਾ ਹੈ
ਇਸ ਸਭ ਕੁਝ ਕਰ ਸਕਦੈ
ਸਭ ਰੂਪ ਵਟਾ ਸਕਦੈ!
ਲੱਖ ਵਲ-ਛਲ ਕਰ ਸਕਦੈ
ਹੱਥ ਸਰ੍ਹੋਂ ਜਮਾ ਸਕਦੈ!!
ਕਿਸੇ ਗੱਦੀ ਬਹਿਣ ਲਈ
ਇਹ ਰਾਤ-ਬਰਾਤੇ ਹੀ
ਅੰਮ੍ਰਿਤ ਵੀ ਛਕ ਸਕਦੈ
ਕਿਰਪਾਨ ਸਜਾ ਸਕਦੈ!!!

ਇਹ ਦੇਸ਼-ਦਿਸ਼ਾਂਤਰ ਵਿਚ
ਪਿੰਡ ਸ਼ਹਿਰ ਗਿਰਾਂ ਅੰਦਰ
ਜਿੱਥੇ ਵੀ ਮਿਲਦਾ ਹੈ
ਆਪਣੇ ਜਿਹੇ ਕਰ ਕੱਠੇ
ਦਸ ਦਾਣੇ ਚੌਲਾਂ ਦੇ

ਪੰਜ ਦਾਣੇ ਮੂੰਗੀ ਦੇ
ਢਾਈ ਪਾ ਖਿਚੜੀ ਇਹ
ਵੱਖਰੀ ਹੀ ਪਕਾ ਲੈਂਦੈ।
ਪ੍ਰਧਾਨ ਬਣਨ ਖਾਤਰ
ਜਾਂ ਇਕ ਸਕੱਤਰੀ ਲਈ
ਦਲ ਮਿੰਟੀਂ ਸਿਰਜ ਲਵੇ
ਝੱਟ ਸਭਾ ਬਣਾ ਲੈਂਦੈ।
ਕਿਸੇ ਹੋਟਲ-ਸ਼ੋਟਲ ਵਿਚ
ਕੋਈ ਮੀਟਿੰਗ ਰੱਖ ਲੈਂਦੈ
ਕੋਈ ਮਤਾ ਪਕਾ ਲੈਂਦੈ।
ਫਿਰ ਮੂਰਤ ਖ਼ਬਰ ਜਿਹੀ
ਅਖ਼ਬਾਰ 'ਚ ਦੇ ਆਪਣੀ
ਹਊਮੈ ਨੂੰ ਪੱਠੇ ਪਾ
ਬੱਸ ਦਿਲ ਵਰਚਾ ਲੈਂਦੈ।
ਜਦ ਸੰਗਤ ਜੁੜੇ ਕਿਤੇ
ਇਹ ਮੇਰਾ ਨਾਂ ਲੈ ਕੇ
ਕੋਈ ਭਾਸ਼ਣ ਕਰਦੈ ਫਿਰ ?
ਤੇ ਬੜਾ ਪਖੰਡੀ ਹੈ
ਆਪੂੰ ਵੀ ਰੋ ਪੈਂਦੈ
ਸੰਗਤ ਨੂੰ ਰੁਆ ਲੈਂਦੈ!
ਮਾਇਆ ਉਗਰਾਹ ਲੈਂਦੈ!!

ਇਹ ਅਮਰਵੇਲ ਵਾਂਗੂੰ
ਸਿੱਖੀ ਦੇ ਬੂਟੇ ਤੇ
ਮੇਰੇ ਖ਼ੂੰਨ ਤੇ ਪਲਦਾ ਹੈ!
ਮੈਂ ਮਰਦਾ-ਸੁੱਕਦਾ ਹਾਂ
ਝੱਖੜਾਂ ਵਿਚ ਟੁੱਟਦਾ ਹਾਂ

ਇਹ ਨਿੱਤ ਨਿੱਤ ਵਧਦਾ ਹੈ
ਤੇ ਫੁਲਦਾ ਫਲਦਾ ਹੈ!!



ਮੇਰੇ ਦਾਤਾਰ ਪਿਤਾ!
ਕੁਝ ਸਮਝ ਨਾ ਪੈਂਦੀ ਹੈ
ਤੇ ਰੰਗ ਨਿਆਰੇ ਹਨ!
ਝੂਠੇ ਦੀ ਸ਼ੁਹਰਤ ਹੈ
ਝੂਠੇ ਲਈ ਕੁਰਸੀ ਹੈ
ਕੋਈ ਵੜੀ-ਵਜ਼ੀਰੀ ਹੈ
ਸੱਚੇ ਲਈ ਸੂਲੀ ਹੈ
ਸੱਚੇ ਲਈ ਆਰੇ ਹਨ!!

ਕਲਗੀਧਰ ਦਸਮ ਪਿਤਾ!
ਮੈਂ ਤੇਰੀ ਸਿੱਖੀ
ਪੁਲਸ ਨਾਲ ਭੇੜ ਦਿਖਾ
ਕਿਸੇ ਪੁਲ ਤੇ ਟੁੱਕਿਆ ਹਾਂ।
ਜਾਂ ਸਿਰ ਦਾ ਮੁੱਲ ਧਰੇ
ਕਿਸੇ ਮੰਡ 'ਚ ਛੁਪਿਆ ਹਾਂ।
ਸਾਜ਼ਿਸ਼ ਦਾ ਜਾਲ ਵਿਛਾ
ਸੀਖਾਂ ਪਿੱਛੇ ਡੱਕਿਆ ਹਾਂ।
ਜਿੱਥੇ ਹਾਂ, ਤੇਰਾ ਹਾਂ
ਸਿੱਖੀ ਲਈ ਮਰ ਜਾਂਗਾ!
ਜਿੰਨਾ ਵੀ ਕਸ਼ਟ ਮਿਲੇ
ਹੱਸ ਹੱਸ ਕੇ ਜਰ ਜਾਂਗਾ!!

ਗ਼ਮ ਹੈ ਤਾਂ ਇੱਕੋ ਬੱਸ
ਕਲਗੀਧਰ ਪਿਤਾ ਮੇਰੇ!
ਮੇਰੀ ਤਾਂ ਲਾਸ਼ ਉਤੇ
ਕੁਰਸੀ ਉਹ ਡਾਹੁੰਦਾ ਹੈ!!
ਤੇਰਾ ਨਾਂ ਲੈ ਕੇ ਜੋ
ਮੇਰਾ ਹੀ ਲੀਡਰ ਬਣ
ਮੇਰੇ ਨਾਲ ਦਗ਼ਾ ਕਮਾ
ਮੈਨੂੰ ਮਰਵਾਉਂਦਾ ਹੈ!!!
ਮੈਨੂੰ ਮਰਵਾਉਂਦਾ ਹੈ!!!!

# ਸ਼ਹੀਦ ਕਿਹਰ ਸਿੰਘ ਨੂੰ

ਕਿਹਰ ਸਿੰਘ ! ਇੱਕ ਕਹਿਰ ਸਿਰ ਤੇ ਜਰ ਗਿਐਂ !
ਜਿਉਣ ਜੋਗੇ ! ਹਸ਼ਰ ਤੀਕ ਜੀਏਂਗਾ।
ਨਾਦਾਨ ਹਨ ਜੋ ਸੋਚਦੇ ਤੂੰ ਮਰ ਗਿਐਂ !!
ਜ਼ੁਲਮ ਦੇ ਸਾਗਰ ਜੋ ਕਾਲੇ ਖੌਲਦੇ,
ਸਿਦਕੀਆਂ ਬਲਵਾਨ ਬਾਹੀਂ ਤਰ ਗਿਐਂ !!!
ਸੱਚ ਦਾ ਮਘਦਾ ਤੂੰ ਉਹ ਅੰਗਿਆਰ ਸੈਂ,
ਜਿਹਲ ਦੇ ਚੁਲ੍ਹੇ 'ਚ ਜੋ ਭਖਦਾ ਰਿਹੋਂ,
ਦਿੱਲੀ ਦਿਲ ਸੇਕ ਤੇਰਾ ਸੇਕਿਆ,
ਕੀ ਹੋਇਆ ਜੇ ਚੁੱਪ-ਚੁਪੀਤਾ ਠਰ ਗਿਐਂ !

ਤੂੰ ਸੱਚ ਹੈਂ-
ਤੇ ਸੱਚ ਨੂੰ, ਸੁਕਰਾਤ ਨੂੰ
ਕੀ ਜ਼ਹਿਰ ਨੇ ਹੈ ਮਾਰਨਾ ?
ਕੀ ਮਤੀਦਾਸ ਨੇ ਮੁੱਕਣੈਂ ?
ਕੀ ਸਤੀਦਾਸ ਨੇ ਬਿਨਸਣੈ ?
ਤੇ ਮਨੀ ਸਿੰਘ ਦੇ ਸਿਦਕ ਨੇ
ਦੱਸ ਜ਼ੁਲਮ ਤੋਂ ਕੀ ਹਾਰਨਾ ?

ਇਹ ਸੰਗੀਨਾਂ ਇਹ ਦੀਵਾਰਾਂ ਗੋਲੀਆਂ
ਹੱਥਕੜੀਆਂ, ਬੇੜੀਆਂ ਇਹ ਫਾਂਸੀਆਂ
ਸੱਚ ਲਈ ਤਾਂ ਸਰਸਰੀ ਜਿਹੇ ਸ਼ਬਦ ਹਨ
ਸੱਚ ਇਹਨਾਂ ਨੂੰ ਤਾਂ ਪੜ੍ਹਨਾ ਜਾਣਦੈਂ।
ਸੱਚ ਦਾ ਸਿਰ ਬਹੁਤ ਮਹਿੰਗੈ ਦੋਸਤਾ
ਦੁਨੀਆਂ ਵਾਲੇ ਸਿਰਾਂ ਦੇ ਮੁੱਲ ਰੱਖਦੇ,
ਸੱਚ ਨੂੰ ਤੌਫ਼ੀਕ ਹੈ ਇਹ ਆਦਿ ਤੋਂ,
ਸੱਚ ਤਾਂ ਸਿਰ ਤਲੀ ਧਰਨਾ ਜਾਣਦੈ।
ਸੱਚ ਚੜ੍ਹ ਕੇ ਚਰਖੜੀ ਵੀ ਹੱਸਦੈ
ਪੁਰਜ਼ਾ ਪੁਰਜ਼ਾ ਕਟਦਿਆਂ ਵੀ ਵਿਗਸਦੈ,
ਹੋਰਨਾਂ ਲਈ ਸੱਚ ਮਰਨਾ ਜਾਣਦੈ !



ਸੱਚ ਲਈ ਹਰ ਸੱਥ ਦੇ ਵਿਚ ਸੂਲੀ ਹੈ
ਸੱਚ ਦੇ ਲਈ ਹਰ ਚੁਰਾਹਾ ਚਾਂਦਨੀ ਦਾ ਚੌਂਕ ਹੈ।
ਸੱਚ ਦੇ ਲਈ ਹਰ ਜਿਹਲ ਦੀ ਕੰਧ ਹੈ ਸਰਹੰਦ ਦੀ
ਸੱਚ ਕਦੇ ਵੀ ਝੁਕੇ ਝਿਪੇਂ ਝਵੇਂ ਨਾ
ਸੱਚ ਤਾਂ ਨੀਲੇ ਦਾ ਸ਼ਾਹ-ਸਵਾਰ ਹੈ।
ਸੱਚ ਕਲਗੀ ਬਣ ਬਣ ਗਗਨ ਉਮ੍ਹਲਦਾ।
ਸੱਚ ਖੰਡਾ ਬਣ ਕੇ ਰਣ 'ਚ ਖੜਕਦਾ।
ਜੇ ਤਵੀ ਤੇ ਬੈਠ ਵੀ ਗੱਲ ਨਾ ਬਣੇ,
ਦੋ ਤਲਵਾਰੀਂ ਸੱਚ ਗਲ ਵਿਚ ਬੰਨ੍ਹਦਾ
ਹੋਵੇ ਕੋਈ ਮੈਦਾਨ ਤੇ ਕੋਈ ਚੌਂਕ ਜਾਂ
ਡੋਲਦਾ ਨਾ ਲਰਜ਼ਦਾ ਨਾ ਥਿੜਕਦਾ,
ਸੱਚ ਅੜਦਾ ਸੱਚ ਲੜਦਾ ਸੱਚ ਮਰਦਾ
ਸੱਚ ਬਣਦਾ ਇੱਕ ਬਿਜਲੀ,
ਝੂਠ ਦੇ ਸਿਰ ਗੜ੍ਹਕਦਾ !

ਕਿਹਰ ਸਿੰਘ !
ਅੱਜ ਤਖ਼ਤ ਹੱਥ ਤ੍ਰਿਸ਼ੂਲ ਸੀ।
ਤ੍ਰਿਸ਼ੂਲ ਉਸਨੇ ਮਾਰਿਆ।
ਹਰ ਤਖ਼ਤ ਮੱਥੇ ਅਕਲ ਨਹੀਂ
ਇਹ ਤਖ਼ਤ ਤਾਂ ਬੇਅਕਲ ਸੀ
ਅਕ੍ਰਿਤਘਣ ਸ਼ੈਤਾਨ ਸੀ।
ਇਹ ਤਖ਼ਤ ਬੇਈਮਾਨ ਸੀ।
ਜਾਂ ਤਖ਼ਤ ਇਹ ਇੱਕ ਸੱਪ ਸੀ !
ਇਸ ਦੁੱਧ ਪੀ ਸੀ ਡੰਗਣਾ
ਇਸ ਨੇ ਹੈ ਤੈਨੂੰ ਡੰਗਿਆ
ਇਸਨੇ ਸੀ ਦਿਲ ਵਿਚ ਧਾਰਿਆ !!

ਕਾਨੂੰਨ ਉਸ ਦਿਨ ਚੁੱਪ ਸੀ।
ਸੰਵਿਧਾਨ ? ਉਹ ਖਾਮੋਸ਼ ਸੀ।
ਇਨਸਾਫ਼ ਨੂੰ ਤੰਦੂਆ ਪਿਆ
ਭਗਵਾਨ ? ਬਸ ਰੂਪੋਸ਼ ਸੀ !!

ਖਾਮੋਸ਼ ਹੀ ਤੂੰ ਤੁਰ ਗਿਓਂ
ਨਾ ਫ਼ਿਕਰ ਕਰ-ਤੁਰਿਆ ਨਹੀਂ !
ਤੂੰ ਕਿੰਗਰਾ ਹੈਂ ਅਣਖ ਦਾ

ਹੈਂ ਮਾਣ-ਮੱਤਾ ਅਸਾਂ ਲਈ
ਸਾਡੇ ਲਈ ਭੁਰਿਆ ਨਹੀਂ!

ਜ਼ਨੂਨ ਸਿਰ ਚੜ੍ਹ ਬੋਲਿਆ, ਇਹ ਠੀਕ ਸੀ।
ਖ਼ੂੰਨ ਸੁੱਚਾ ਡੋਲ੍ਹਿਆ, ਇਹ ਠੀਕ ਸੀ!
ਕੁਫ਼ਰ ਰੱਜ ਕੇ ਤੋਲਿਆ ਇਹ ਠੀਕ ਸੀ!!
ਆਬਰੂ ਨੂੰ ਰੋਲਿਆ ਇਹ ਠੀਕ ਸੀ!!!
ਏਸ ਮਗਰੋਂ ਕੋਈ ਭਗਾਉਤੀ ਸਿਮਰਦੈ ਤਾਂ ਗ਼ਲਤ ਹੈ
ਏਸ ਮਗਰੋਂ ਕੋਈ ਮੈਦਾਨੇ ਨਿਤਰਦੈ ਤਾਂ ਗ਼ਲਤ ਹੈ!

ਕਿਹਰ ਸਿੰਘ!
ਜੇ ਬਿਫ਼ਰੀਆਂ ਨੇ ਵਹਿਸ਼ਤਾਂ ਤਾਂ ਯਾਰ ਕੀ!
ਸੱਚ ਗਲੇ ਫਾਂਸੀਆਂ ਤਾਂ ਯਾਰ ਕੀ!!
ਬੁੱਕੀਆਂ ਬਦਮਾਸ਼ੀਆਂ ਤਾਂ ਯਾਰ ਕੀ!!

ਕਿਹਰ ਸਿੰਘ!
ਆਨੰਦਪੁਰ ਦੇ ਗਾਤਰੇ ਸ਼ਮਸ਼ੀਰ ਹੈ।
ਜੁਗਾਂ ਤੀਕਰ ਜੁਲਮ ਜਿਸਨੇ ਸੋਧਣਾ
ਏਸਦੇ ਭੱਥੇ 'ਚ ਭੱਖਦਾ ਤੀਰ ਹੈ।

ਗ਼ਮ ਕਰੀਂ ਨਾ-
ਕਿਲ੍ਹਾ ਬਣ ਕੇ ਖੜਾਂਗੇ ਤੇਰੇ ਲਈ!
ਆਖਰੀ ਦਮ ਲੜਾਂਗੇ ਤੇਰੇ ਲਈ!
ਜੀਆਂਗੇ ਤਾਂ ਅਣਖ ਦੇ ਨਾਲ ਜੀਆਂਗੇ!
ਮਰਾਂਗੇ ਤਾਂ ਪੰਥ ਲਈ ਤੇਰੇ ਲਈ!!

ਤੀਰ ਨੇ ਤ੍ਰਿਸ਼ੂਲ ਨੂੰ ਲਲਕਾਰਨੈ-ਵੇਖੇਂਗਾ ਤੂੰ!
ਸੱਚ ਨੇ ਹੁਣ ਝੂਠ ਨੂੰ ਵੰਗਾਰਨੈਂ-ਵੇਖੇਂਗਾ ਤੂੰ!
ਹੁਣ ਵਸੀਲੇ ਯਾਰ ਸਾਰੇ ਖਤਮ ਨੇ,
ਸੱਚ ਨੇ ਹਥਿਆਰ ਨੂੰ ਹੁਣ ਧਾਰਨੈਂ ਵੇਖੇਂਗਾ ਤੂੰ!!

ਸੱਚ ਜਿਉਂਦਾ ਜਾਗਦਾ ਹੈ ਕਿਹਰ ਸਿੰਘ!
ਝੂਠ ਮਰਿਆ ਹੈ ਸਦਾ ਤੇ ਮਰੇਗਾ!
ਪਾਪ ਪੈਰੀ ਪਏ ਗਿੜ-ਗਿੜਾਏਗਾ!
ਇਤਿਹਾਸ ਤੇਰੇ ਸੀਸ ਮੁਕਟ ਧਰੇਗਾ!!



## ਗ਼ਜ਼ਲ

ਰੰਗ ਕੇਸਰੀ ਪਹਿਨ ਸੜਕ ਤੇ ਨਿਕਲ ਪਈਆਂ ਦਸਤਾਰਾਂ।
ਜਾਪੇ ਹੁਣ ਕੁੱਝ ਸੋਚ ਲਿਆ ਹੈ ਮੁੱਛ ਫੁੱਟਦੇ ਸਰਦਾਰਾਂ॥

ਏਸ ਚਮਨ ਦੀਆਂ ਉਡ ਪੁੱਡ ਗਈਆਂ ਕਿਧਰ ਭਲਾ ਬਹਾਰਾਂ?
ਜਿਸਦੇ ਕਲੀਆਂ ਫੁੱਲ ਝਰੀਟੇ ਜ਼ਾਲਮ ਚੰਦਰੇ ਖਾਰਾਂ।

ਉਸ ਬੇੜੀ ਨੇ ਖਬਰੇ ਕੀਕੂੰ ਲਗਣਾ ਕਦੋਂ ਕਿਨਾਰੇ?
ਜਿਸਨੂੰ ਛੱਡ ਮੁਹਾਣੇ ਤੁਰ ਗਏ ਸੰਗ ਛੱਡਿਆ ਪਤਵਾਰਾਂ।

ਕੁੱਝ ਤਾਰੇ ਤਾਂ ਟੁੱਟ ਕੇ ਵੀ ਸਨ ਕਰ ਗਏ ਜਿੱਤ ਦਾ ਚਾਨਣ
ਕੁੱਝ ਜਿਉਂਦੇ ਜੀ ਕਾਲਖ ਡੁੱਬ ਕੇ ਵਣਜ ਰਹੇ ਨੇ ਹਾਰਾਂ!

ਹਰਿਮੰਦਰ ਦੇ ਦਿਲ ਵਿਚ ਹੌਕਾ ਸਰਵਰ ਦੀ ਅੱਖ ਹੰਝੂ
ਜਿਸਦੇ ਹਾਏ ਸਾਜਿੰਦੇ ਸੌਂ ਗਏ ਸੁੱਤੀਆਂ ਕਿਵੇਂ ਸਤਾਰਾਂ

ਧੰਨ ਉਹ ਗੋਰੀਆਂ ਬਾਹੀਂ ਜਿਨ੍ਹਾਂ ਪਹਿਨੇ ਸੂਹੇ ਚੂੜੇ
ਜਾਣਦਿਆਂ ਕਿ ਨਹੀਂ ਪਤਰਣਾ ਜੰਗ 'ਚ ਸ਼ਾਹ ਸਵਾਰਾਂ

ਸ਼ਹਿਰ 'ਚ ਉਂਜ ਤਾਂ ਸਭ ਅੱਛਾ ਹੈ ਰਾਤੀਂ ਜਾਗਣ ਪਹਿਰੇ
ਫਿਰ ਵੀ ਕੋਈ ਇਬਾਰਤ ਲਿਖਦਾ ਜਗਦੀਆਂ ਰੋਜ਼ ਦੀਵਾਰਾਂ।

ਉਨ੍ਹਾਂ ਦੇ ਖੰਭ ਡਿੱਗਦੇ ਡਿੱਗਦੇ ਵਟ ਗਏ ਵਿਚ ਤਲਵਾਰਾਂ
ਕੀ ਜੇ ਚਤਰ ਸ਼ਿਕਾਰੀ ਫੁੰਡ ਗਏ ਉਹ ਹੰਸਾਂ ਦੀਆਂ ਡਾਰਾਂ!

ਕੁੱਝ ਸਿਰ ਵੱਢਕੇ ਮੰਨੂੰ ਵਾਂਗੂੰ ਹੱਸ ਰਹੀ ਹੈ ਦਿੱਲੀ
ਇਹ ਨਾ ਜਾਣੇ ਸਿੰਘ ਮੁਕਾਉਂਦੇ ਮੁੱਕ ਗਈਆਂ ਸਰਕਾਰਾਂ!

# ਸ਼ਹੀਦੀ-ਸੁਹਾਗ

ਰੰਗਲੇ ਪੰਜਾਬ ਵੱਲ ਜਾਂਦੀਓ ਹਵਾਓ ਸਾਡਾ ਇਕ ਤਾਂ ਸੁਨੇਹਾ ਲੈ ਜਿਓ!
ਭੈਣਾਂ ਤਲਵਾਰਾਂ ਅਤੇ ਖੰਡੇ ਜਿਹਿਆਂ ਵੀਰਿਆਂ ਨੂੰ ਸਾਡੇ ਵਲੋਂ ਝੂਣ ਕੇ ਕਿਹੋ!!
ਅਸੀਂ ਤਾਂ ਨਿਭਾਈ ਜਿਹੜੀ ਬਣੀ ਸਾਡੇ ਸਿਰਾਂ ਉਤੇ ਤੁਸੀਂ ਹੁਣ ਜਾਗਦੇ ਰਿਹੋ!!!

ਇਕ ਤਾਂ ਸੁਨੇਹਾ ਦਿਓ ਅੰਮੜੀਆਂ ਮਿੱਠੀਆਂ ਨੂੰ ਡੋਲ੍ਹਣ ਨਾ ਨੈਣਾਂ ਵਿਚੋਂ ਨੀਰ।
ਕਿਹੋ ਬੁੱਢੇ ਬਾਪੂਆਂ ਨੂੰ-ਮਰਦੇ ਸ਼ਹੀਦ ਨਹੀਂਓਂ, ਮਰੇ ਨਹੀਂ ਪੁੱਤ, ਰੱਖੋ ਧੀਰ!

ਕੰਮ ਜੋ ਅਧੂਰਾ ਅਜੇ ਤੁਸੀਂ ਹੀ ਇਹ ਪੂਰਨਾ ਹੈ ਆੜੀਆਂ ਨੂੰ ਸਾਡੇ ਇਹ ਕਿਹੋ!
ਆੜੀਆਂ ਨੂੰ ਸਾਡੇ ਵਲੋਂ ਪਾਇਓ ਇਕੋ ਵਾਸਤਾ ਕਿ ਤੁਸੀਂ ਹੁਣ ਜਾਗਦੇ ਰਿਹੋ!!
ਰੰਗਲੇ ਪੰਜਾਬ ਵੱਲ...... ........

ਝੱਖੜਾਂ 'ਚ ਕਿਹੋ ਰੁੱਖ ਡੋਲਦੇ ਨਾ ਕਦੇ ਜੜ੍ਹਾਂ ਜਿਹਨਾਂ ਦੀਆਂ ਹੋਣ ਮਜ਼ਬੂਤ।
ਸਿੰਜਿਆ ਤੁਸਾਂ ਨੂੰ ਤਾਂ ਸੀ ਸਧਰਾਂ ਦੇ ਖੂੰਨ ਨਾਲ ਤੁਸੀਂ ਹੋ ਗੋਬਿੰਦ ਦੇ ਸਪੂਤ।

ਬੜੀ ਮਹਿੰਗੀ ਲਈ ਹੈ ਇਹ ਆਨ-ਸ਼ਾਨ ਖਾਲਸੇ ਦੀ ਘੱਟੇ ਕਿਤੇ ਰੋਲ ਨਾ ਲਿਓ!
ਘੱਟੇ ਕਿਤੇ ਰੋਲ ਨਾ ਲਿਓ ਉਇ ਪੰਥ ਵਾਰਸੋ ਕਿ ਏਸ ਨੂੰ ਸੰਭਾਲਦੇ ਰਿਹੋ!!
ਰੰਗਲੇ ਪੰਜਾਬ ਵੱਲ..... ............

ਘੋੜੇ ਕਾਠੀਆਂ ਦੇ ਉਤੇ ਤੁਸੀਂ ਹੋ ਵਸਣ ਵਾਲੇ ਹਾਰਨਾ ਨਾ ਥੋਡਾ ਦਸਤੂਰ।
ਚੜ੍ਹਦੀ ਕਲਾ 'ਚ ਰਹਿ ਕੇ ਵਰਨੇ ਨੇ ਚਾਨਣੇ ਤੇ ਕਰਨੇ ਨਾ ਨ੍ਹੇਰੇ ਮਨਜ਼ੂਰ।

ਸੁੱਤਿਆਂ ਨੂੰ ਲੁੱਟ ਲਵੇ ਵੈਰੀ ਕੋਈ ਆਣ ਕੇ ਤੇ ਏਨੇ ਸੁੱਖ ਜਾਨ ਨਾ ਪਇਓ!
ਏਨੇ ਸੁੱਖ ਜਾਨ ਨਾ ਪਇਓ ਉਇ ਪੰਥ ਵਾਲਿਓ ਕਿ ਸਦਾ ਤੁਸੀਂ ਜਾਗਦੇ ਰਿਹੋ!!
ਰੰਗਲੇ ਪੰਜਾਬ ਵੱਲ...... ........

'ਕੱਠੇ 'ਕੱਠੇ ਰਿਹੋ ਇਕ ਕੇਸਰੀ-ਨਿਸ਼ਾਨ ਥੱਲੇ ਲੰਘ ਜਾਣੇ ਔਖੇ ਸਮੇਂ ਫੇਰ।
ਖੜਕ ਨਾ ਜਾਣ ਤਲਵਾਰਾਂ ਕਿਤੇ ਆਪੋ ਵਿਚ ਪੈ ਨਾ ਜਾਏ ਕਿਤੇ ਇਹ ਹਨੇਰ।

ਤੁਸਾਂ ਕੋਲੋਂ ਮੰਗ ਸਾਡੀ ਇਕ ਹੀ ਨਿਮਾਣਿਆਂ ਦੀ ਫੁੱਟ ਨਾ ਵਿਹਾਝ ਕਿਤੇ ਬਹਿਓ!
ਫੁੱਟ ਨਾ ਵਿਹਾਝ ਕਿਤੇ ਬਹਿਓ ਅਤੇ ਫੇਰ ਮਤੇ, ਨ੍ਹੇਰੇ ਹੀ ਝਾਗਦੇ ਰਿਹੋ!!
ਰੰਗਲੇ ਪੰਜਾਬ ਵੱਲ...... ........